# ਆਤਮ ਰੰਗ

ਜਿਲਦ ੨੫ ਨਵੰਬਰ 2024 ਕੱਤਕ-ਮੱਘਰ 556 ਨਾਨਕਸ਼ਾਹੀ November 2024 ਅੰਕ 11

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥




ਬਾਬੇ ਨਾਨਕ ਜੀ ਦਾ 555 ਸਾਲਾ ਪ੍ਰਕਾਸ਼ ਉਤਸਵ ਸਾਰਾ ਸੰਸਾਰ ਦੇਸ਼ ਪ੍ਰਦੇਸ਼ ਵਿਚ ਬੜੇ ਪਿਆਰ, ਸਤਿਕਾਰ ਤੇ ਰੀਜਾਂ ਨਾਲ ਮਨਾ ਰਿਹਾ ਹੈ। ਅਖੰਡ ਕੀਰਤਨੀ ਜੱਥਾ, ਜਲੰਧਰ ਵੱਲੋਂ ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 13.11.2024 ਤੋਂ 16.11.2024 ਤਕ, ਲਾਇਲਪੁਰ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਦਰਸ਼ਨ ਦਿਦਾਰੇ ਬਖਸ਼ੋ ਜੀ। ਸਮਾਗਮ ਦਾ ਵੇਰਵਾ ਪੰਨਾ ਨੰ. 41 ਤੇ ਵੇਖ ਲਿਆ ਜਾਵੇ ਜੀ।

**ਰਾਮ ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥**













ਅਖੰਡ ਕੀਰਤਨ ਸਮਾਗਮ ਮਿਤੀ 25.08.2024 ਦਿਨ ਐਤਵਾਰ ਨੂੰ ਕੀਰਤਨੀ ਸਿੰਘ ਮੋਗਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹੋਏ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ


ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਜਿਲਦ ੨੫ ਨਵੰਬਰ 2024 ਕੱਤਕ-ਮੱਘਰ 556 ਨਾਨਕਸ਼ਾਹੀ November 2024 ਅੰਕ 11


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**
ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ


**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ

## ਤਤਕਰਾ


◆ ਸੰਪਾਦਕੀ 5

◆ ਬਾਰਹ ਮਾਹ ਕਥਾ 6
*– ਡਾ. ਤਾਰਨ ਸਿੰਘ ਜੀ*

◆ ਅਣਡਿੱਠੀ ਦੁਨੀਆ 7
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਗੁਰੂ ਨਾਨਕ ਨਿਰੰਕਾਰੀ – ਮਹਾਨ ਵਿਗਿਆਨੀ 9
*– ਭਾਈ ਪ੍ਰੀਤਮ ਸਿੰਘ ਜੀ ਅਨਜਾਣ*

◆ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ 14

◆ ਨਾਮ ਰੰਗ ਰੱਤੇ 15
*– ਗਿਆਨੀ ਗੋਪਾਲ ਸਿੰਘ ਮਿੱਤਰ*

◆ ਬਾਬਾ ਗਇਆ ਬਗ਼ਦਾਦ ਨੂੰ 16
*– ਪ੍ਰੋ. ਸਾਹਿਬ ਸਿੰਘ ਜੀ*

◆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ 18
*– ਡਾ. ਗੰਡਾ ਸਿੰਘ ਜੀ*

◆ ਸ੍ਰੀ ਗੁਰੂ ਨਾਨਕ ਦੇਵ ਜੀ – ਇਕ ਦਾਰਸਨਿਕ 21
*– ਭਾਈ ਕੁਲਦੀਪ ਸਿੰਘ ਜੀ*

◆ ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ 24
*– ਭਾਈ ਰਾਮ ਸਿੰਘ ਜੀ*

◆ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਮਰ ਸਖਸੀਅਤ 27
*– (ਗੁਰਪੁਰਵਾਸੀ) ਪ੍ਰਿੰਸੀਪਲ ਗੁਰਮੁਖ ਸਿੰਘ ਜੀ*

◆ ਧੰਨ ਧੰਨ ਬਾਬਾ ਨਾਨਕ ਜੀ 30
*– ਪ੍ਰੋ. ਪੂਰਨ ਸਿੰਘ ਜੀ*

◆ ਅਕਾਲ ਪੁਰਖ ਨਾਲਿ ਸਦਾ ਅਭੇਦ ਗੁਰੂ ਨਾਨਕ 33
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਗੁਰੂ ਨਾਨਕ ਸਾਹਿਬ ਦੇ ਜਪੁਜੀ ਵਿਚ ਸਚਿਆਰ ਪਦ 35
*– ਗੁਰਪੁਰਵਾਸੀ ਭਾਈ ਸਾਹਿਬ ਜੋਗਿੰਦਰ ਸਿੰਘ ਜੀ*

◆ ਸੰਤ ਗੁਰੂ – ਗੁਰੂ ਨਾਨਕ 36
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

## *ਸੰਪਾਦਕੀ...*

ਨਿਰੰਕਾਰ ਨੇ ਗੁਰੂ ਨਾਨਕ ਸਾਹਿਬ ਨੂੰ ਮੁੱਢ ਕਦੀਆਂ ਤੋਂ ਪਸਰੇ ਹਨੇਰੇ ਨੂੰ ਦੂਰ ਕਰਨ ਹਿੱਤ ਸੰਸਾਰ ਵਿੱਚ ਭੇਜਿਆ। ਉਸ ਵੇਲੇ ਚੁਫੇਰੇ ਰਾਜ ਤੇ ਸਮਾਜ ਵੱਲੋਂ ਕੀਤੇ ਜਾ ਰਹੇ ਅਤਿਆਚਾਰ ਨਾਲ ਮਧੋਲੀ ਜਨਤਾ ਦੀ ਹਾਲਤ ਤਰਸਯੋਗ ਸੀ। ਕਰਤਾਰ ਨੇ ਇਸ ਹਨੇਰੇ ਵਿੱਚ ਠੋਕਰਾਂ ਖਾ ਰਹੀ ਮਨੁੱਖਤਾ ਨੂੰ ਗਿਆਨ ਦਾ ਚਾਨਣ ਦੇ ਕੇ ਸਿੱਧੇ ਰਾਹੇ ਪਾਉਣ ਲਈ ਅਤੇ ਧਰਮ ਦੇ ਨਾਂ ਤੇ ਕਰੋੜਾਂ ਮਨੁੱਖਾਂ ਨੂੰ ਅਛੂਤ ਤੇ ਉਚ-ਨੀਚ ਦੇ ਵਰਤਾਰੇ ਤੋਂ ਮੁਕਤ ਕਰਨ ਲਈ ਲਿਤਾੜੇ ਲੋਕਾਂ ਦੀ ਪੁਕਾਰ ਸੁਣ ਕੇ ਜਗਤ ਚ ਅਵਤਾਰ ਧਾਰਿਆ। ਭਾਈ ਗੁਰਦਾਸ ਜੀ ਲਿਖਦੇ ਹਨ –

***ਸੁਣੀ ਪੁਕਾਰਿ ਦਾਤਾਰ ਪ੍ਰਭੁ***
***ਗੁਰੁ ਨਾਨਕ ਜਗ ਮਾਹਿ ਪਠਾਇਆ।***

ਰਾਏ ਭੋਇ ਦੇ ਨਗਰ ਤਲਵੰਡੀ ਵਿਖੇ ਗੁਰੂ ਸਾਹਿਬ ਨੇ ਬਾਲ ਅਵਸਥਾ ਵਿੱਚ ਅਨੇਕਾਂ ਨਿਆਰੇ ਚੋਜ ਖਿਲਾਰ ਕੇ ਬਹੁਤ ਲੋਕਾਂ ਦਾ ਜੀਵਨ ਸੰਵਾਰਿਆ। ਗੁਰੂ ਸਾਹਿਬ ਤਲਵੰਡੀ ਨਗਰ ਵਿੱਚ ਰਹਿੰਦੇ ਹੋਏ ਕਾਦਰ ਕਰਤਾਰ ਦੇ ਹੁਕਮ ਅਨੁਸਾਰ ਅਨੇਕਾਂ ਉਧਾਰ ਕਰਦੇ ਰਹੇ। ਗੁਰੂ ਜੀ ਦਾ ਭਰਾ ਤਾਂ ਕੋਈ ਨਹੀਂ ਸੀ ਪਰ ਉਹਨਾਂ ਦੀ ਇਕ ਭੈਣ ਸੀ, ਜੋ ਉਹਨਾਂ ਨਾਲੋਂ ਪੰਜ ਕੁ ਸਾਲ ਵਡੇ ਸਨ ਅਤੇ ਜਿਹਨਾਂ ਦਾ ਨਾਂ ਨਾਨਕੀ ਸੀ ਪਰ ਗੁਰੂ ਸਾਹਿਬ ਨਾਨਕੀ ਜੀ ਨੂੰ 'ਬੇਬੇ' ਜੀ ਕਿਹਾ ਕਰਦੇ ਸਨ ਏਸੇ ਕਰਕੇ ਬੀਬੀ ਨਾਨਕ ਜੀ ਨੂੰ ਬੇਬੇ ਨਾਨਕੀ ਕਹਿਣਾ ਪ੍ਰਚਲਿਤ ਹੈ। ਬੇਬੇ ਨਾਨਕੀ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਰਕੇ ਹੀ ਉਹਨਾਂ ਦਾ ਨਾਮ 'ਨਾਨਕੀ' ਰੱਖਿਆ ਗਿਆ ਤੇ ਉਹਨਾਂ ਦੇ ਨਾਮ ਤੋਂ ਹੀ ਗੁਰੂ ਪਾਤਸ਼ਾਹ ਦਾ ਨਾਮ ਨਾਨਕ ਰਖਿਆ ਗਿਆ। ਬੇਬੇ ਜੀ ਦਾ ਗੁਰੂ ਸਾਹਿਬ ਨਾਲ ਅਥਾਹ ਪਿਆਰ ਸੀ ਤੇ ਕਰਤਾਰ ਰੂਪ ਵਿੱਚ ਬੇਬੇ ਨਾਨਕੀ ਜੀ ਨੇ ਹੀ ਨਾਨਕ ਸਾਹਿਬ ਦੇ ਰੱਬੀ ਰੂਪ ਨੂੰ ਪਹਚਾਣਿਆ।

ਬਾਲ ਉਮਰ ਤੋਂ ਹੀ ਗੁਰੂ ਸਾਹਿਬ ਦੇ ਚੋਜ ਨਿਆਰੇ ਸਨ। ਉਹਨਾਂ ਦਾ ਕਾਰ ਵਿਹਾਰ ਆਮ ਬਾਲਕਾਂ ਤੋਂ ਬਿਲਕੁਲ ਵੱਖ ਹੋਣ ਕਰਕੇ ਮਾਤਾ-ਪਿਤਾ ਤੇ ਲੋਕਾਂ ਨੂੰ ਉਹਨਾਂ ਦੀਆਂ ਜੀਵਨ ਜੀਣ ਦੀਆਂ ਕਿਰਿਆਵਾਂ ਅਸਾਧਾਰਣ ਲੱਗਦੀਆਂ ਸਨ। ਸੰਤਾਂ-ਸਾਧੂਆਂ ਦੇ ਸ਼ਰਨ 'ਚ ਰਹਿਣ ਦੇ ਸੁਭਾਅ ਤੇ ਦਾਨੀ ਪਰਵਿਰਤੀ ਕਰਕੇ ਉਹ ਹੋਰ ਬਾਲਕਾਂ ਤੋਂ ਵੱਖਰੇ ਸਨ।

ਇਹ ਉਹ ਸਮਾਂ ਸੀ ਜਦੋਂ ਪੰਦਰਵੀਂ ਸਦੀ ਵਿੱਚ ਅਕਾਲ ਰੂਪ ਨੇ ਮੰਤ੍ਰਾਂ, ਤੰਤ੍ਰਾਂ, ਜਪਾਂ, ਤਪਾਂ, ਰਿੱਧੀਆਂ, ਸਿੱਧੀਆਂ, ਵਰਤਾਂ, ਨੇਮਾਂ ਵਿੱਚ ਗਲਤਾਨ ਹੋ ਚੁੱਕੀ ਇਨਸਾਨੀਅਤ ਨੂੰ ਸੇਧ ਦੇ ਕੇ ਇਲਾਹੀ ਸਿੱਖਿਆਵਾਂ ਦਾ ਪ੍ਰਸਾਰ ਕਰਨ ਲਈ ਨਾਨਕ ਰੂਪ ਦਾ ਆਗਮਨ ਬਖਸ਼ਿਸ ਕੀਤਾ।

ਗੁਰੂ ਸਾਹਿਬ ਨੇ ਸਰਲ ਤਰੀਕੇ ਨਾਲ ਲੋਕਾਈ ਨੂੰ ਜੀਵਨ ਜਾਚ ਦਸਦਿਆਂ ਫੁਰਮਾਇਆ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰ ਨ ਜੀਵੈ ਕੋਇ॥ ਅੰਗ – 142***

ਇਹ, ਗੁਰੂ ਨਾਨਕ ਸਾਹਿਬ ਦੇ ਵਿਸ਼ਾਲ ਹਿਰਦੇ ਦਾ ਪ੍ਰੱਗਟਾਵਾ, ਲੋਕਾਈ ਨੂੰ ਕਰਮ ਕਾਂਡ, ਜਾਤ-ਪਾਤ ਦੇ ਵਿਤਕਰੇ ਤੋਂ ਦੂਰ ਲੈ ਕੇ ਜਾਣ ਦਾ ਫੁਰਮਾਨ ਹੀ ਸੀ ਤੇ ਉਹਨਾਂ ਫੁਰਮਾਨ ਕੀਤਾ –

***ਫਕੜ ਜਾਤੀ ਫਕੜੁ ਨਾਉ***
***ਸਭਨਾ ਜੀਆ ਇਕਾ ਛਾਉ॥ ਅੰਗ – 83***

ਗੁਰੂ ਸਾਹਿਬ ਦਾ ਫਲਸਫਾ ਮਨੁੱਖੀ ਹੱਕਾਂ ਦੀ ਤਰਜਮਾਨੀ ਕਰਨਾ ਹੀ ਸੀ ਤੇ ਉਹਨਾਂ ਲੋਕਾਈ ਨੂੰ ਦੁੱਖ ਤੇ ਸੁੱਖ ਬਾਰੇ ਗਿਆਨ ਬਖਸਦੇ ਇਹੀ ਸਮਝਾਇਆ।

***ਸੁਖ ਦੁਖ ਦੁਇ ਕਰਿ ਕਪੜੇ ਪਹਿਰਹਿ ਜਾਇ ਮਨੁਖ॥***
***ਅੰਗ – 149***

ਇਕ ਅਧਿਆਤਮਕ ਪੰਧ ਤੇ ਚਲਦਿਆਂ ਸੱਚੇ ਪਾਤਸ਼ਾਹ ਨੇ ਬੇਅੰਤ ਬਖਸ਼ਿਸਾਂ ਕਰਕੇ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਤੇ ਮਨੁੱਖਤਾ ਤੇ ਪਰਉਪਕਾਰ ਕੀਤਾ।

ਅੱਜ ਬਾਬਾ ਨਾਨਕ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਸਮੇਂ, ਸ਼ਾਇਦ ਮਨੁੱਖਤਾ ਜਿਸ ਤਰੀਕੇ ਅਸਹਿਣਸ਼ੀਲਤਾ ਤੇ ਸੁਆਰਥ ਵੱਲ ਵੱਧਦੀ ਜਾ ਰਹੀ ਹੈ, ਸਾਨੂੰ ਗੁਰੂ ਨਾਨਕ ਸਾਹਿਬ ਦੀਆਂ ਬਾਣੀ ਰੂਪੀ ਸਿੱਖਿਆਵਾਂ ਤੇ ਉਪਦੇਸ਼ ਨੂੰ ਅਮਲੀ ਰੂਪ 'ਚ ਅਪਣਾਉਣ ਦੀ ਪ੍ਰਮੁੱਖ ਲੋੜ ਹੈ। ਸਾਹਿਬ ਸਤਿਗੁਰ ਜੀ ਦੇ ਉਪਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਅਦਾਰਾ 'ਆਤਮ ਰੰਗ' ਸਦਾ ਤਤਪਰ ਹੈ ਤੇ ਗੁਰਬਾਣੀ ਰੂਪੀ ਉਪਦੇਸ਼ ਜਰੀਏ ਇਕ ਸੁਝਵਾਨ ਤੇ ਪਰਉਪਕਾਰੀ ਸੁਭਾਅ ਵਾਲੇ ਸਮਾਜ ਦੀ ਸਿਰਜਣਾ ਲਈ ਸਦਾ ਯਤਨ ਜਾਰੀ ਰਖੇਗਾ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥ ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥***

***ਅੰਗ - 135***

ਅਰਥ

ਮੱਘਰ ਦੇ ਮਹੀਨੇ ਉਹੀ ਸ਼ੋਭਨੀਕ ਹਨ, ਜਿਨ੍ਹਾਂ ਨੂੰ ਪ੍ਰੀਤਮ ਦੇ ਪਾਸ ਬੈਠਣ ਲਈ ਥਾਂ ਮਿਲ ਗਈ ਹੈ। ਜਿਨ੍ਹਾਂ ਨੂੰ ਮਾਲਿਕ ਨੇ ਗਲ ਨਾਲ ਲਾ ਲਿਆ ਹੈ, ਮੈਂ ਉਨ੍ਹਾਂ ਦੀ ਸ਼ੋਭਾ ਕਿਸ ਤਰ੍ਹਾਂ ਬਿਆਨ ਕਰ ਸਕਦੀ ਹਾਂ। ਉਨ੍ਹਾਂ ਨੇ ਪ੍ਰੀਤਮ ਦਰ ਦੇ ਪਾਂਧੀ ਸੰਤਾਂ ਨਾਲ ਜੋੜ ਲਈ ਹੈ ਤੇ ਮਾਲਿਕ ਦੇ ਪਿਆਰ ਵਿਚ ਉਨ੍ਹਾਂ ਦਾ ਤਨ ਤੇ ਮਨ ਖਿੜ ਗਿਆ ਹੈ। (ਅਫ਼ਸੋਸ ਹੈ ਉਨ੍ਹਾਂ) ਇਕੱਲ ਅਤੇ ਸੁੰਞ ਵਿਚ ਬੈਠੀਆਂ ਹੋਈਆਂ 'ਤੇ (ਜਿਨ੍ਹਾਂ ਮਾਲਿਕ ਦੇ ਮੁਸਾਹਿਬ) ਸਾਧਾਂ ਨਾਲ ਮੇਲ ਨਹੀਂ ਕੀਤਾ ਤੇ ਦੂਰ ਦੂਰ ਫਿਰਦੀਆਂ ਹਨ। ਉਨ੍ਹਾਂ ਦੇ ਝੋਰੇ ਦਾ ਦੁੱਖ ਕਦ ਹਟ ਸਕਦਾ ਹੈ? ਉਹ ਤਾਂ ਬੇਦਰਦ ਮੌਤ ਦੇ ਪੰਜੇ ਵਿਚ ਫਸ ਗਈਆਂ ਹਨ। ਪਰ ਜੋ ਆਪਣੇ ਸੁਆਮੀ ਦੀ ਸੇਵਾ ਵਿਚ ਲੱਗ ਗਈਆਂ ਹਨ, ਉਹ ਚੜ੍ਹਦੀ ਕਲਾ ਵਿਚ ਨਜ਼ਰ ਆਉਂਦੀਆਂ ਹਨ। (ਉਨ੍ਹਾਂ ਨੂੰ ਝੋਰਾ ਕਾਹਦਾ?) (ਪ੍ਰੀਤਮ ਯਾਦ ਤੇ ਪਿਆਰ ਦੇ) ਰਤਨਾਂ, ਜਵਾਹਰਾਂ ਅਤੇ ਲਾਲਾਂ ਨਾਲ ਜੜਾਉ ਗਹਿਣੇ ਉਨ੍ਹਾਂ ਦੇ ਕੰਠ ਦੀ ਸੋਭਾ ਨੂੰ ਵਧਾ ਰਹੇ ਹਨ। ਹੇ ਦਾਤਾ! ਨਾਨਕ ਮੰਗਤੇ ਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਦਾ ਦਾਨ ਦੇਹ ਜਿਨ੍ਹਾਂ ਨੇ ਤੇਰੇ ਦਰ ਦੀ ਓਟ ਲਈ ਹੈ। (ਮੱਘਰ ਦਾ ਮਹੀਨਾ ਉਨ੍ਹਾਂ ਵਾਸਤੇ ਮੁਬਾਰਕ ਹੈ) ਉਹ ਆਪਣੇ ਸਿਰ ਦੇ ਸਾਂਈਂ ਦੇ ਪਿਆਰ ਵਿਚ ਮਸਤ (ਉਸੇ ਦੀ ਯਾਦ ਵਿਚ) ਸਮਾਂ ਗੁਜ਼ਾਰਦੀਆਂ ਹਨ। ਉਨ੍ਹਾਂ ਨੂੰ ਹੁਣ ਆਉਣ ਜਾਣ ਨਾਲ ਕੀ ਵਾਸਤਾ?

---

***(ਪੰਨਾ 38 ਦੀ ਬਾਕੀ)***

ਜਟਾਧਾਰੀ ਅਤੇ ਸੂਰਮੇ ਕਹਾਉਣ ਵਾਲੇ ਸੁਰ, ਨਰ, ਮੁਨ, ਜਨ, ਅਨੇਕਾਂ ਅਨਮਤੀ ਸੰਤਾਂ ਦੇ ਸਾਰੇ ਫ਼ਿਰਕੇ ਆਪਣੇ ਆਪ ਨੂੰ ਸੰਤ ਬਣਾਈ ਫਿਰਦੇ ਹਨ, ਗੱਲ ਕੀ ਸਾਰੇ ਹੀ ਕਾਇਨਾਤ ਦੇਸ਼ ਦੇ ਅਨਮਤੀ ਮਤ-ਮਤਾਂਤਰਾਂ ਵਾਲੇ ਖ਼ੁਦ-ਸਾਖ਼ਤਾ, (ਆਪੋਂ ਬਣ ਬੈਠੇ) ਸਾਧ ਸੰਤ ਕਹਾਉਂਦੇ ਹਨ, ਇਹਨਾਂ ਵਿਚੋਂ ਕਿਸੇ ਨੇ ਵੀ ਆਪਣੀ ਪਖੰਡ-ਕ੍ਰਿਆ ਦੁਆਰਾ ਵਾਹਿਗੁਰੂ ਪ੍ਰਾਣਪਤੀ ਦੇ ਦਰਸ਼ਨ ਨਹੀਂ ਦੇਖੇ। ਇਹ ਵਾਹਿਗੁਰੂ ਪ੍ਰਾਣਪਤੀ ਦਾ ਦਰਸ਼ਨ ਤਾਂ ਕੇਵਲ ਉਹੀ ਵਾਹਿਗੁਰੂ-ਵਰੋਸਾਏ, ਧੁਰੋਂ ਵਾਹਿਗੁਰੂ ਦੀ ਦਰਗਾਹੋਂ ਪਠਾਏ ਹੋਏ ਗੁਰ ਨਾਨਕ ਸਾਰਖੇ ਸਾਧ ਗੁਰੂ ਹੀ ਪਰਤੱਖ ਦੇਖ ਸਕਦੇ ਹਨ, ਜਿਨ੍ਹਾਂ ਦੇ ਉਪਰ ਸ੍ਰੀ ਭਗਵਾਨ ਵਾਹਿਗੁਰੂ ਦੀ ਖ਼ਾਸ ਕਿਰਪਾ ਨਾਜ਼ਲ ਹੁੰਦੀ ਹੈ। ਏਸ ਖ਼ਾਸ ਮਖ਼ਸੂਸੀ ਕਿਰਪਾ ਬਿਹੂਣ ਅਤੇ ਵਾਹਿਗੁਰੂ ਦੀ ਇੱਕੋ ਸੱਚੀ ਪ੍ਰੀਤੀ ਬਿਨਾਂ (ਸੱਚ ਪ੍ਰੇਮ ਬਿਨਾਂ) ਉਪਰ ਦੱਸੇ ਹੋਏ ਅਨੇਕਾਂ ਮਤ-ਮਤਾਂਤਰੀ ਡਿੰਭੀ ਸਾਧੂ ਇਕ ਕੌਡੀ ਦੇ ਕੰਮ ਦੇ ਵੀ ਨਹੀਂ। ਸਾਡੇ ਹੀ ਗੁਰੂ ਘਰ ਵਿਖੇ ਅਨੇਕਾਂ ਅਜਿਹੇ ਡਿੰਭੀ ਤੇ ਪਾਖੰਡੀ ਸਾਧੜੇ ਬਣੇ ਬੈਠੇ ਹਨ ਜੋ ਆਪਣੀ ਮਨੋਰਥ-ਸਿੱਧੀ ਲਈ ਅਨੇਕਾਂ ਜਗਿਆਸੂਆਂ ਨੂੰ ਕੂੜ ਦੇ ਥਾਪੜੇ ਦੇ ਦੇ ਕੇ ਆਪਣੇ ਆਪ ਨੂੰ ਗੁਰੂ ਸਾਧ ਕਹਾਉਂਦੇ ਹਨ। ਇਸ ਬਿਧਿ ਗੁਰੂ ਨਾਨਕ ਰੂਪੀ ਅਜ਼ਲੋਂ ਅਮਰੋਂ ਪਠਾਏ ਸੱਚੇ ਸਾਧ ਗੁਰੂ ਦੀ ਰੀਸ ਕਰ ਕੇ ਆਪਣਾ ਲੋਕ ਪਰਲੋਕ ਵਿਗਾੜ ਬੈਠਦੇ ਹਨ।

ਗੁਰੂ ਨਾਨਕ ਬਾਝੋਂ ਨਾ ਕੋਈ ਸੱਚਾ ਗੁਰੂ ਸਰੂਪ ਸਾਧ ਹੋਇਆ ਤੇ ਨਾ ਹੋਵੇਗਾ। ਇਹ ਗੱਲ ਗੁਰਸਿੱਖਾਂ ਨੂੰ ਦ੍ਰਿੜ੍ਹ ਕਰਕੇ ਧਾਰਨ ਕਰ ਲੈਣੀ ਪਰਮ ਗੁਰਮਤਿ ਹੈ।



# ਅਣਡਿੱਠੀ ਦੁਨੀਆ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*



ਜੀਵ ਨੂੰ ਅੱਗੇ ਜਾ ਕੇ ਐਸਾ ਅਤਿ ਲੰਮਾ ਮਾਰਗ ਦਰਪੇਸ਼ ਆਉਂਦਾ ਹੈ, ਜਿਸ ਮਾਰਗ ਦੇ ਦੂਰ ਦਰਾਜ਼ੇ ਕੋਸ (ਮੀਲ) ਅਨਗਿਣਤ ਹੁੰਦੇ ਹਨ। ਜੀਵ ਉਸ ਬਿਕਟ ਮਾਰਗ ਬਿਖੇ ਅਤੀ ਅਸਹਿ ਬਿਕਰਾਲ ਭੁੱਖ-ਤਿਖਾ ਨਾਲ ਭੁੱਖਾ-ਪਿਆਸਾ ਹੋ-ਹੋ ਮਰਿ-ਮਰਿ ਜਾਂਦਾ ਹੈ। ਜਿਨ੍ਹਾਂ ਨੇ ਨਾਮ ਦੀ ਕਮਾਈ ਨਹੀਂ ਕੀਤੀ ਹੁੰਦੀ, ਉਹ ਭੁੱਖ ਨਾਲ ਬੜੇ ਹੀ ਦੁਖੀ ਹੁੰਦੇ ਹਨ। ਭੁੱਖ ਉਨ੍ਹਾਂ ਦੀ ਕਦੇ ਮਿਟਦੀ ਹੀ ਨਹੀਂ, ਬੜੇ ਹੀ ਔਖੇ ਹੁੰਦੇ ਹਨ।

ਜਿਨ੍ਹਾਂ ਨੇ ਨਾਮ ਕਮਾਈਆਂ ਕੀਤੀਆਂ ਹੋਈਆਂ ਹੁੰਦੀਆਂ ਹਨ, ਉਨ੍ਹਾਂ ਨੂੰ ਏਥੇ ਬੀਜਿਆ ਹੋਇਆ ਨਾਮ ਅਗੇ ਜਾ ਕੇ ਵੀ ਪੁੰਗਰਦਾ ਹੈ। ਹਰ ਛਿਨ ਤੇ ਹਰ ਕਦਮ ਤੇ ਨਾਮ ਦਾ ਸਚਾ ਤੋਸ਼ਾ ਉਨ੍ਹਾਂ ਦੇ ਸੰਗ ਰਹਿੰਦਾ ਹੈ। ਨਾਮ ਦਾ ਅਧਾਰ ਏਥੇ ਉਥੇ ਦੋਹੀਂ ਥਾਈਂ ਤਤ-ਰਸ ਅਧਾਰੀ ਤੋਸ਼ਾ ਬਣ ਕੇ ਤਿਨ੍ਹਾਂ ਦੇ ਅੰਤਰ ਸਾਥ ਹਾਜ਼ਰ ਰਹਿੰਦਾ ਹੈ। ਉਨ੍ਹਾਂ ਨੂੰ ਭੁੱਖ ਦਾ ਦੁਖ ਕੋਈ ਨਹੀਂ ਵਿਆਪਦਾ, ਉਹ ਤਾਂ ਨਾਮ ਨਾਲ ਹੀ ਰੱਜੇ ਰਹਿੰਦੇ ਹਨ।

ਅਗਲੀ ਦਰਗਾਹ ਵਿਚ ਨਾਲ ਚਲਣ ਵਾਲਾ ਜੇ ਸੱਚ ਪਦਾਰਥ ਤੋਸ਼ਾ ਹੈ ਤਾਂ ਨਾਮ ਹੀ ਹੈ। ਹੋਰ ਕੋਈ ਪਦਾਰਥ ਨਾਲ ਨਹੀਂ ਜਾਂਦਾ। ਮਾਇਆ ਧਨ ਲਖਮੀ ਦੇ ਅੰਬਾਰਾਂ ਦੇ ਅੰਬਾਰ ਇਕੱਠੇ ਕੀਤੇ ਇਥੇ ਹੀ ਰਹਿ ਜਾਂਦੇ ਹਨ। ਨਾਮ ਮਾਤਰ ਵੀ ਅਧਾਰ ਨਹੀਂ ਦਿੰਦੇ ਅੱਗੇ ਚਲ ਕੇ।

ਨਾ ਅੱਗੇ ਨਾਲ ਜਾਂਦੇ ਹਨ, ਨਾ ਅੱਗੇ ਕੋਈ ਅਧਾਰ ਦਿੰਦੇ ਹਨ। ਇਹ ਕੇਵਲ ਨਾਮ ਦਾ ਪਦਾਰਥ ਹੀ ਹੈ, ਜਿਸਦਾ ਅਗਲੇ ਲੋਕ ਵਿਚ ਅਧਾਰ ਮਿਲਦਾ ਹੈ। ਬੜੇ ਬੜੇ ਜੱਗ ਕੀਤੇ, ਦੇਵ-ਪਿਤਰਾਂ ਨਿਮਿੱਤ ਸਰਾਧ ਕੀਤੇ ਕੁਝ ਅਧਾਰ ਨਹੀਂ ਦਿੰਦੇ। ਪਿਤਰ ਕਰਮ ਕੀਤੇ ਉਂਝ ਹੀ ਮੁਹਿ (ਖੁਸ) ਜਾਂਦੇ ਹਨ, ਜੀਵਾਂ ਨੂੰ ਅੱਗੇ ਕਦੇ ਵੀ ਸਹਾਈ ਨਹੀਂ ਹੁੰਦੇ।

ਸੱਚ ਮੁਚ ਐਸੇ ਪੈਂਡੇ ਵੀ ਅੱਗੇ ਆਉਂਦੇ ਹਨ, ਜਿਨ੍ਹਾਂ ਪੈਂਡਿਆਂ ਵਿਖੇ ਮਹਾਂ ਅੰਧ ਗੁਬਾਰ ਹੀ ਗੁਬਾਰ ਹੁੰਦਾ ਹੈ, ਹੱਥ ਮਾਰਿਆਂ ਕੁਛ ਦਿਖਾਈ ਨਹੀਂ ਦਿੰਦਾ। ਤਿਨ੍ਹਾਂ ਮਹਾਂ ਅੰਧਕਾਰ ਵਾਲੇ ਪੈਂਡਿਆਂ ਵਿਖੇ ਹਰਿ ਕੇ ਨਾਮ ਦਾ ਹੀ ਉਜਿਆਰਾ ਪਾਰ ਉਤਾਰਾ ਕਰਦਾ ਹੈ। ਜਿਨ੍ਹਾਂ ਨੇ ਨਾਮ ਕਮਾਇਆ ਹੁੰਦਾ ਹੈ, ਤਿਨ੍ਹਾਂ ਨੂੰ ਅੱਗੇ ਚਲ ਕੇ ਮਹਾਂ ਅੰਧ ਗੁਬਾਰ ਪੈਂਡਿਆਂ ਵਿਚ ਨਾਮ ਦਾ ਉਜਿਆਰਾ ਹਰ ਦਮ ਸੰਗ ਸਾਥ ਰਹਿੰਦਾ ਹੈ। ਦੇਹੀ ਤਿਆਗ ਕੇ ਅੱਗੇ ਗਏ ਜੀਵ ਨੂੰ ਐਸੇ ਪੰਧ-ਪੰਥ ਵੀ ਪੇਸ਼ ਆਉਂਦੇ ਹਨ, ਜਿੱਥੇ ਉਸ ਦਾ ਕੋਈ ਭੈਣ ਸਾਕ ਸਿਆਣੂੰ ਨਹੀਂ ਹੁੰਦਾ। ਕੱਲਮ-ਕੱਲੇ ਜੀਵ ਨੂੰ ਇਕੱਲ ਪਈ ਖਾਂਦੀ ਹੈ। ਨਾਮ ਜਪਣ ਵਾਲੇ ਜੀਵ ਜਦੋਂ ਦੇਹੀਆਂ ਜੁਦਾ ਹੁੰਦੇ ਹਨ ਤਾਂ ਉਹਨਾਂ ਨੂੰ ਇਕੱਲ ਵਾਲਿਆਂ ਪੈਂਡਿਆਂ ਵਿਖੇ ਵਾਹਿਗੁਰੂ ਦਾ ਨਾਮ ਸੱਚਾ ਪਛਾਣ ਹੋ ਕੇ ਕਰਦਾ ਹੈ, ਜੋ ਹਰ ਛਿਨ ਉਨ੍ਹਾਂ ਦੇ ਸੰਗ ਸਾਥ ਰਹਿੰਦਾ ਹੈ। ਅਤੇ ਸੰਗ ਸਾਥ ਵੀ ਸਦੀਵ ਲਈ ਨਿਭਦਾ-ਨਿਭਾਉਂਦਾ ਹੈ। ਐਸੇ ਭੱਠ ਵਾਗੂੰ ਤਪ ਰਹੇ ਤਪਤ ਅਸਥਾਨਾਂ ਵਿਚ ਦੀ ਜੀਵ ਨੂੰ ਲੰਘਣਾ ਪੈਂਦਾ ਹੈ, ਜਿਥੇ ਮਹਾਂ ਭਿਆਨਕ ਤਪਤ ਵਾਲੀ ਗਰਮੀ ਪੈਂਦੀ ਹੈ ਅਤੇ ਧੁੱਪ ਹੀ ਧੁੱਪ ਉਥੇ ਰਹਿੰਦੀ ਹੈ। ਜਿਨ੍ਹਾਂ ਨਾਮ ਕਮਾਈਆਂ ਕੀਤੀਆਂ ਹੋਈਆਂ ਹੁੰਦੀਆਂ ਹਨ, ਤਿਨ੍ਹਾਂ ਨੂੰ ਇਹਨਾਂ ਮਹਾਂ ਭਿਆਨਕ ਤਪਤ ਘਾਮਾਂ ਵਿਖੇ ਵਾਹਿਗੁਰੂ ਨਾਮ ਦੀ ਛਾਉਂ, ਛਾਇਆ ਬਣ ਕੇ ਸਿਰ ਤੇ ਛਾਈ ਰਹਿੰਦੀ ਹੈ। ਫੇਰ ਅੱਗੇ ਜਾ ਕੇ ਐਨੇ ਡੂਗਰ ਥਾਵਾਂ ਵਿਚ ਦੀ ਭੀ ਦੇਹੀਉਂ ਛੁਟੇ ਜੀਵ ਨੂੰ ਲੰਘਣਾ ਪੈਂਦਾ ਹੈ, ਜਿਥੇ ਕਿਤੇ ਪੀਣ ਨੂੰ ਪਾਣੀ ਨਹੀਂ ਮਿਲਦਾ ਅਤੇ ਬੜੀ ਭਾਰੀ ਤ੍ਰੇਹ ਅਤੇ ਪਿਆਸ ਜੀਵ ਨੂੰ ਕਣਤਾਉਂਦੀ-ਤੜਫਾਉਂਦੀ ਹੈ। ਨਿਰੰਕਾਰੀ ਨਾਮ ਦੇ ਅਭਿਆਸ-ਆਰੀਆਂ ਨੂੰ ਕਿਥੋਂ ਹੀ ਅੰਮ੍ਰਿਤ ਦੀ ਬਰਖਾ ਪੈ ਪੈ ਕੇ ਠਾਰੁਦੀ ਰਹਿੰਦੀ ਹੈ।

ਇਹ ਅਗੇ ਦੇ ਵਰਤਾਉ ਦਾ ਪ੍ਰਤੱਖ ਨਜ਼ਾਰਾ ਹੈ, ਜੋ

ਨਦਰ ਕਰੰਮੀਆਂ ਪੇਖਿਆ ਪਰਖਿਆ ਹੈ, ਜਿਸ ਵਿਚ ਸ਼ੱਕ ਸ਼ਿਕਾਇਤ ਦੀ ਗੁੰਜਾਇਸ਼ ਨਹੀਂ। ਪਰ ਅਸ਼ਰਧਕ ਸੰਸਾਰੀਆਂ ਮਾਇਆ-ਧਾਰੀਆਂ, ਅੰਧ-ਅੰਧਾਰੀਆਂ ਦੀ ਐਸੀ ਗਤੀ ਹੋਇ ਰਹੀ ਹੈ ਕਿ ਜੋ ਠਾਕੁਰ ਸਦ ਸਦਾ ਹਜੂਰੇ ਹੈ, ਸੋ ਦੂਰ ਹੀ ਦਿਖਦਾ ਹੈ। ਜਿਸ ਵਾਹਿਗੁਰੂ ਦੀ ਸਿਮਰਨ ਮਈ ਸੇਵਾ ਟਹਿਲ ਕੀਤਿਆਂ ਦਰਗਹਿ ਮਾਨ ਪਾਈਦਾ ਹੈ, ਮੁਗਧ ਅਜਾਣ ਮਨਮੁਖੀ ਬੰਦੇ ਤਿਸ ਨੂੰ ਵਿਸਾਰੀ ਫਿਰਦੇ ਹਨ। ਹਾਲਾਂਕਿ ਗੁਰਬਾਣੀ ਆਈ, ਗੁਰਸਿਖਾਂ ਦੀ ਇਸ਼ਟ ਬਾਣੀ... ਪੁਕਾਰ ਪੁਕਾਰ ਕੇ ਦ੍ਰਿੜਾ ਰਹੀ ਹੈ ਕਿ ਵਾਹਿਗੁਰੂ ਦੇ ਨਾਮ ਜਪਣ ਕਰਕੇ ਦਰਗਹਿ ਮਾਣ ਪ੍ਰਾਪਤ ਹੁੰਦਾ ਹੈ ਅਤੇ ਪਤਿ ਪਰਤਿਸ਼ਟਾ ਸੇਤੀ ਘਰ-ਧਾਮ ਵਸੇਰਾ ਪ੍ਰਾਪਤ ਹੁੰਦਾ ਹੈ। ਫੇਰ ਵੀ ਸਿੱਖ ਸਦਾਉਣ ਵਾਲੇ, ਸਿੱਖੀ ਦਾ ਦਾਅਵਾ ਕਰਨ ਵਾਲੇ ਕੱਖ ਕਰਕੇ ਨਹੀਂ ਕੁਛ ਸਮਝਦੇ ਅਤੇ ਗੁਰਵਾਕਾਂ ਤੇ ਪ੍ਰਤੀਤਿ ਨਹੀਂ ਕਰਦੇ। ਯਥਾ –

*ਜੋ ਠਾਕੁਰ ਸਦ ਸਦਾ ਹਜੂਰੇ॥*
*ਤਾ ਕਉ ਅੰਧਾ ਜਾਨਤ ਦੂਰੇ॥*
*ਜਾ ਕੀ ਟਹਲ ਪਾਵੈ ਦਰਗਹ ਮਾਨੁ॥*
*ਤਿਸਹਿ ਬਿਸਾਰੈ ਮੁਗਧੁ ਅਜਾਨੁ॥੩॥(੪)*
*ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ॥*
*ਨਾਨਕ ਪਤਿ ਸੇਤੀ ਘਰਿ ਜਾਵਹਿ॥੨॥(੬)*

*ਅੰਗ – ੨੬੭*

ਅਸੀਂ ਨਿਤਾਪ੍ਰਤੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਹਾਂ, ਪਰ ਕਦੇ ਕਿਸੇ ਸਿਖ ਨੇ ਵੀਚਾਰਿਆ ਹੈ ਤੇ ਕਦੇ ਕਿਸੇ ਸਿਖ ਦਾ ਇਸ ਗੁਰ-ਦਰਸਾਏ ਹੱਕ-ਹਕੰਨੇ ਦ੍ਰਿਸ਼ਯ ਉਤੇ ਯਕੀਨ ਆਇਆ ਹੈ, ਜੋ ਕਿ ਅਨਿੰਨ ਗੁਰਸਿਖਾਂ ਦੇ ਸਿਦਕ ਦਾ ਮਖ਼ਜ਼ਨ ਹੈ? ਯਥਾ –

*ਕਈ ਕੋਟਿ ਪਵਣ ਪਾਣੀ ਬੈਸੰਤਰ॥*
*ਕਈ ਕੋਟਿ ਦੇਸ ਭੂ ਮੰਡਲ॥*
*ਕਈ ਕੋਟਿ ਸਸੀਅਰ ਸੂਰ ਨਖ੍ਹਤ੍ਰ॥*
*ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥੩॥(੧੦)।*

*ਅੰਗ – ੨੭੫-੭੬*

ਇਹ ਗੱਲ ਸੱਚ ਹਕੀਕਤ ਹੈ ਕਿ ਵਾਹਿਗੁਰੂ ਦੀ ਰਚਨਾ ਵਿਖੇ, ਖ਼ੁਦਾ ਦੀ ਖ਼ੁਦਾਈ ਵਿਖੇ ਬੇਅੰਤ ਹੀ ਐਸੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਸਾਡੇ ਅਲਪੱਗ ਜੀਵਾਂ ਨੂੰ ਇਲਮ ਨਹੀਂ। ਅਲਪੱਗ ਸਾਇੰਸਦਾਨਾਂ ਨੇ ਬਰਸਾਂ ਬੱਧੀ ਟੱਕਰਾਂ ਮਾਰ ਕੇ ਕੁਝ ਥੋੜੀਆਂ ਜੇਹੀਆਂ ਦਰਿਆਫ਼ਤਾਂ, ਡਿਸਕਵਰੀਆਂ ਕੀਤੀਆਂ ਹਨ ਕਿ ਅਕਾਸ਼ ਵਿਖੇ ਇਸ ਧਰਤੀ ਦੀ ਨਿਆਈਂ ਹੋਰ ਭੀ ਧਰਤੀਆਂ ਹਨ; ਇਸ ਸੂਰਜ ਦੀ ਨਿਆਈਂ ਹੋਰ ਭੀ ਸੂਰਜ ਹਨ। ਪਰ ਅਜ ਤੋਂ ਪੰਜ ਛੇ ਸੌ ਸਾਲ ਪਹਿਲਾਂ ਜਦੋਂ ਕਿ ਸਾਇੰਸ ਅਤੇ ਸਾਇੰਸਦਾਨਾਂ ਦੀਆਂ ਕਾਢਾਂ ਪ੍ਰਸਿੱਧ ਨਹੀਂ ਸਨ ਤਾਂ ਸਾਡੇ ਦਿਬ ਦ੍ਰਿਸ਼ਟ, ਸਰਬਗਤਾ ਸ੍ਰਿਸ਼ਟ ਸਤਿਗੁਰਾਂ, ਗੁਪਤੋਂ ਪ੍ਰਗਟਾਇ ਕੇ ਇਹ ਰਬਾਨੀ ਰਾਜ਼ ਫ਼ਾਸ਼ ਕੀਤੇ ਸਨ ਕਿ ਪਉਣ ਪਾਣੀ ਬੈਸੰਤਰ ਆਦਿ ਪੰਜਾਂ ਤਤਾਂ ਦੇ ਕੋਟਾਨ ਕੋਟਿ ਅਗਿਣਤ ਸਫ਼ੀਅਰ ਹਨ। ਅਸਾਡੀ ਇਸ ਇਕ ਮਾਤਰ ਭੂਮੀ (ਧਰਤੀ) ਸਾਰਖੇ ਕੋਟਾਨ ਕੋਟਿ ਦੇਸ ਭੂ-ਮੰਡਲ ਹਨ। ਜਿਥੇ ਸਾਇੰਸਦਾਨਾਂ ਨੇ ਸੂਰਜ, ਸਿਤਾਰੇ, ਚੰਦ, ਤਾਰੇ ਡਿਸਕਵਰ ਕੀਤੇ, ਅਰਥਾਤ ਮਲੂਮ ਕੀਤੇ ਹਨ ਅਤੇ ਅਜੇ ਵੀ ਸ਼ਸ਼ੋ-ਪੰਜ ਵਿਚ ਪਏ ਹੋਏ ਹਨ, ਤਿਥੇ ਅਸਾਡੇ ਤ੍ਰਿਕਾਲ ਦ੍ਰਿਸ਼ਟੀ ਦੇ ਅਗੰਮ ਗਿਆਨ ਵਾਲੇ ਸਤਿਗੁਰਾਂ ਨੇ ਕਈ ਕੋਟਿ ਸਸੀਅਰ ਸੂਰ ਨਖ ਅਰਥਾਤ ਕਈ ਕੋਟਿ ਚੰਦ ਸੂਰਜ ਤਾਰਿਆਂ ਦਾ ਦਿੱਬ ਦ੍ਰਿਸ਼ਟੀ ਦੁਆਰਾ ਦੇਖੇ ਹੋਏ ਦਾ ਸਬੂਤ ਦਿੱਤਾ। ਅਜ-ਕਲ ਦੇ ਸਾਇੰਸਦਾਨ ਕੇਵਲ ਕੁੱਝ-ਕੁ ਉਦਾਹਰਨਾਂ ਦਿੰਦੇ ਹਨ ਤੇ ਬਾਕੀ ਕੇਵਲ ਅਨੁਮਾਨ ਲਾ ਕੇ ਹੀ ਇਹ ਕਹਿੰਦੇ ਹਨ ਕਿ ਉਹ ਜੋ ਅਣਗਿਣਤ ਤਾਰਾ-ਮੰਡਲ ਅਕਾਸ਼ ਉਤੇ ਦਿਸ ਰਿਹਾ ਹੈ, ਇਹ ਸਭ ਯਾ ਤਾਂ ਧਰਤੀਆਂ ਹਨ ਸਾਡੀ ਧਰਤੀ ਦੀ ਨਿਆਈਂ, ਯਾ ਫਿਰ ਤਾਰੇ ਸਿਤਾਰੇ ਹਨ। ਇਨ੍ਹਾਂ ਵਿਚ ਕਈ ਸੂਰਜ ਭੀ ਹਨ ਅਤੇ ਚੰਦ ਭੀ ਹਨ। ਇਹ ਤਾਂ ਉਹਨਾਂ ਦਾ ਦੂਰਬੀਨ ਦੇ ਆਲੇ ਤੇ ਤੱਕ ਕੇ ਪਰੀਖਿਆ ਅਨੁਮਾਨ ਹੀ ਹੈ। ਪ੍ਰੰਤੂ ਅਸਾਡੇ ਦੂਰਬੀਨ, ਭੂਤ ਭਵਿਖ ਭਵਾਨ ਕਲਾ ਦੇ ਗਿਆਨ ਪ੍ਰਬੀਨ ਸਤਿਗੁਰਾਂ ਨੇ ਜੋ ਕੋਟਾਨਕੋਟ ਸੂਰਜ ਚੰਦ ਤਾਰੇ ਦੱਸੇ ਹਨ, ਇਹ ਸਭ ਸਚੀਆਂ ਅਖੀਂ ਦੇਖੀਆਂ ਗੱਲਾਂ ਹਨ, 'ਨਾਮੁ ਜਪਤ ਕੋਟਿ ਸੂਰ ਉਜਿਆਰਾ' ਦੀਆਂ। ਅੱਜ ਕਮਾਈਆਂ ਵਾਲਿਆਂ ਗੁਰਮੁਖਾਂ ਨੂੰ ਇਹ ਨਜ਼ਾਰੇ ਗੁਰੂ ਨਦਰਾਏ, ਗੁਰ ਦਰਸਾਏ, ਪਰਗਟ ਪਹਾਰੇ ਨਜ਼ਰੀਂ ਆਉਂਦੇ ਹਨ। ਫ਼ਿਲਸਫ਼ਾਦਾਨਾਂ ਨੇ ਸਾਰਾ ਜ਼ੋਰ ਮਾਰ ਕੇ ਰਾਜਸ, ਤਾਮਸ, ਸਾਤਕ ਤਿੰਨ ਖ਼ਿਲਅਤਾਂ ਮਲੂਮ ਕੀਤੀਆਂ ਹਨ। ਗੁਰ ਗੁੰਮ ਅਤੇ ਗੁਰ ਗੁੰਮਤਾਂ ਵਾਲਾ ਗੁਰਮਤਿ ਗਿਆਨ ਸ੍ਰੀ ਸੁਖਮਨੀ ਸਾਹਿਬ ਵਿਖੇ ਦਰਸਾਇਆ ਹੋਇਆ ਸਾਫ਼ ਸਪੱਸ਼ਟਾਉਂਦਾ ਹੈ ਕਿ 'ਕਈ ਕੋਟਿ ਰਾਜਸ ਤਾਮਸ ਸਾਤਕ' ਖ਼ਿਲਅਤਾਂ ਹਨ। ਜ਼ਮਾਨਾ ਸਲਫ਼ ਤੇ ਜ਼ਮਾਨਾ ਹਾਲ ਦੇ ਵੇਦਾਚਾਰੀ, ਸ਼ਾਸਤਰਕਾਰੀ, ਪੁਰਾਨ-ਸਿਤਾਚਾਰੀ' ਇਹ ਦਸਦੇ ਆਏ ਹਨ ਅਤੇ ਦੱਸ ਰਹੇ ਹਨ ਕਿ ਚਾਰ ਵੇਦ, ਅਠਾਰਾਂ ਪੁਰਾਣ ਅਤੇ ਚੰਦ ਹੀ ਸਿਮ੍ਰਤੀਆਂ ਉਪਨਿਸ਼ਦਾਂ ਹਨ।

**'ਚਲਦਾ'**

# ਗੁਰੂ ਨਾਨਕ ਨਿਰੰਕਾਰੀ - ਮਹਾਨ ਵਿਗਿਆਨੀ

*[ਭਾਈ ਪ੍ਰੀਤਮ ਸਿੰਘ ਜੀ ਅਨਜਾਣ]*

ਆਮ ਤੌਰ ਤੇ ਸਾਹਿਤ ਨੂੰ ਵਿਗਿਆਨ ਨਾਲੋਂ ਨਿਖੇੜ ਕੇ ਪੇਸ਼ ਕੀਤਾ ਜਾਂਦਾ ਹੈ। ਕਾਫੀ ਹੱਦ ਤੱਕ ਇਹ ਹੈ ਵੀ ਠੀਕ। ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜਿਸ ਸਾਹਿਤ ਦੀ ਨੀਂਹ ਸਦਾਚਾਰਕ ਅਤੇ ਵਿਗਿਆਨਕ ਤੱਥਾਂ ਉੱਤੇ ਰੱਖੀ ਹੋਵੇ, ਉਹ ਚਿਰ ਸਥਾਈ ਹੁੰਦਾ ਹੈ, ਸਗੋਂ ਉਹ ਸਦਾ ਲਈ ਅਮਰ ਹੁੰਦਾ ਹੈ। ਗੁਰੂ ਨਾਨਕ ਨਿਰੰਕਾਰੀ ਦਾ ਸਾਹਿਤ ਇਸ ਸ਼੍ਰੇਣੀ ਵਿੱਚ ਸ਼ਾਮਿਲ ਹੈ।

ਗੁਰੂ ਜੀ ਦੇ ਵਰਣਿਤ ਕੀਤੇ ਹੋਏ ਤੱਥ ਭੌਤਿਕ ਵਿਗਿਆਨ, ਰਸਾਇਣਿਕ ਵਿਗਿਆਨ, ਵਨਸਪਤਿ ਵਿਗਿਆਨ, ਸ਼ਰੀਰਕ ਵਿਗਿਆਨ, ਖਗੋਲ ਵਿਗਿਆਨ, ਭੂਗੋਲ ਵਿਗਿਆਨ ਅਤੇ ਸਾਗਰ ਵਿਗਿਆਨ ਨਾਲ ਸੰਬੰਧ ਰਖਦੇ ਹਨ ਅਤੇ ਇਸ ਖੋਜ-ਵਿਦਿਆ ਦਾ ਸੋਮਾ ਹੈ ਗੁਰਬਾਣੀ-ਸਾਹਿਤ ਮੂਲ ਸਰੋਤ - 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'।

ਜੇ ਇਸ ਸਮੁੱਚੇ ਸਾਹਿਤ ਵਿੱਚੋਂ ਵਿਗਿਆਨਕ ਤੱਥਾਂ ਦਾ ਉਲੇਖ ਕਰਨਾ ਚਾਹੀਏ ਤਾਂ ਇਹ ਕਿਸੇ ਛੋਟੇ ਮੋਟੇ ਲੇਖ ਦਾ ਵਿਸ਼ਾ ਨਹੀਂ, ਸਗੋਂ ਵੱਡੇ ਆਕਾਰ ਵਾਲੀਆਂ ਕਈ ਪੁਸਤਕਾਂ ਦਾ ਵਿਸ਼ਾ ਹੈ। ਇਸ ਲੇਖ ਵਿੱਚ ਗੁਰੂ ਨਾਨਕ ਦੀ ਬਾਣੀ ਵਿਚਲੇ ਕੁੱਝ ਕੁ ਤੱਥਾਂ ਦਾ ਵਰਨਣ ਕਰਕੇ ਇਹ ਸਿੱਧ ਕਰਨ ਦਾ ਯਤਨ ਹੈ ਕਿ -

ਗੁਰੂ ਨਾਨਕ ਸਾਹਿਬ ਉਚ ਅਨੁਭਵੀ ਪੁਰਸ਼ ਹੋਣ ਦੇ ਨਾਲ ਨਾਲ ਇੱਕ ਮਹਾਨ ਵਿਗਿਆਨੀ ਵੀ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਧਿਆਨ ਨਾਲ ਪੜ੍ਹਿਆ ਤੇ ਵਿਚਾਰਿਆਂ ਪਤਾ ਲੱਗਦਾ ਹੈ ਕਿ ਇਸ ਵਿੱਚ ਵਿਗਿਆਨ ਦੇ ਉਹ ਸਾਰੇ ਤੱਥ ਪਹਿਲਾਂ ਤੋਂ ਹੀ ਮੌਜੂਦ ਹਨ, ਜਿਹੜੇ ਨਵੀਨ ਵਿਗਿਆਨੀਆਂ ਨੇ ਹੁਣੇ-ਹੁਣੇ ਬੜੀ ਸਿਰ-ਖਪਾਈ ਪਿਛੋਂ ਕੁਝ ਲੱਭੇ ਹਨ ਅਤੇ ਕਈਆਂ ਨੂੰ ਲੱਭਣ ਲਈ ਅਜੇ ਵੀ ਯਤਨ ਕਰ ਰਹੇ ਹਨ।

ਅੱਜ ਦੀ ਵਿਗਿਆਨਕ ਸਭਿਅਤਾ ਦੇ ਮੁਕਾਬਲੇ ਤੇ ਜੇ ਗੁਰੂ ਜੀ ਦੇ ਸਮੇਂ ਦੀ ਪ੍ਰੰਪਰਾਗਤ ਸਭਿਅਤਾ ਨੂੰ ਸਾਹਮਣੇ ਰੱਖ ਕੇ ਦੇਖਿਆ ਜਾਏ ਤਾਂ ਸਾਇੰਸਦਾਨ - ਸ੍ਰੀ ਗੁਰੂ ਨਾਨਕ ਜੀ ਦੇ ਸਾਹਮਣੇ ਅਜੋਕੇ ਵਿਗਿਆਨੀ ਹੋਰ ਹਨ, ਕਿਉਂਕਿ ਅੱਜ ਦੇ ਸਮੇਂ ਕੋਈ ਨਵਾਂ ਤੱਥ ਲੱਭਣਾ ਇੰਨਾਂ ਮੁਸ਼ਕਲ ਨਹੀਂ, ਜਿੰਨਾ ਕਿ ਗੁਰੂ ਸਾਹਿਬ ਦੇ ਵਕਤ ਮੁਸ਼ਕਲ ਸੀ। ਪੰਦਰ੍ਹਵੀਂ ਸਦੀ ਦੇ ਹਾਲਾਤ, ਅੱਜ ਤੋਂ ਵਿਪਰੀਤ ਸਨ, ਜਦ ਕਿ ਲੋਕਾਈ ਕਿਸੇ ਨਵੀਂ ਵਿਗਿਆਨਕ ਸਚਾਈ ਨੂੰ ਸਵੀਕਾਰ ਕਰਨ ਲਈ ਵੀ ਤਿਆਰ ਨਹੀਂ ਸੀ। ਮਿਸਾਲ ਵਜੋਂ ਧੌਲ ਦਾ ਅੰਧ-ਵਿਸ਼ਵਾਸ਼ ਹੀ ਲੈ ਲਓ। ਕੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਕਿਸੇ ਸਿੱਧ ਕਰ ਕੇ ਦਿਖਾਇਆ ਕਿ ਇਹ ਧੌਲ ਕੀ ਹੈ? ਜਾਂ ਧਰਤੀ ਕਿਸ ਆਸਰੇ ਖੜ੍ਹੀ ਹੈ? ਹਰ ਹਾਲਤ ਵਿੱਚ ਇਹ ਕਹਿਣਾ ਤੇ ਮੰਨਣਾ ਪਵੇਗਾ ਕਿ -

ਕੇਵਲ ਮਹਾਨ ਸਾਇੰਸਦਾਨ ਗੁਰੂ ਨਾਨਕ ਨਿਰੰਕਾਰੀ ਨੇ ਹੀ ਵਿਸ਼ਵ ਨੂੰ ਦੱਸਿਆ ਕਿ ਧਰਤੀ ਇੱਕ ਨਹੀਂ, ਸਗੋਂ ਅਨਗਿਣਤ ਧਰਤੀਆਂ ਹਨ, ਅਤੇ ਉਹ ਕਿਸੇ ਬਲਦ ਦੇ ਸਹਾਰੇ ਨਹੀਂ, ਸਗੋਂ ਵਾਹਿਗੁਰੂ ਜੀ ਦੇ ਹੁਕਮ ਵਿੱਚ ਕਾਇਮ ਹਨ। ਇਹ ਉਹ ਕਾਦਰ ਦਾ ਇਕ ਸਿਧਾਂਤ ਹੈ, ਜਿਸ ਵਿਚ ਅੱਗੋਂ ਕਈ ਉਪ-ਨਿਯਮ ਸ਼ਾਮਲ ਹਨ, ਜਿਵੇਂ - ਧਰਤ-ਖਿੱਚ, ਸੂਰਜ-ਖਿੱਚ, ਚੰਦਰਮਾ-ਖਿੱਚ ਆਦਿ। ਮਿਲਵੇਂ ਰੂਪ ਵਿੱਚ ਇਹ ਸਾਰੇ ਇਕ ਸਿਧਾਂਤ ਦਾ ਰੂਪ ਧਾਰਨ ਕਰ ਲੈਂਦੇ ਹਨ, ਜੋ ਕਿ ਅਕਾਲ ਪੁਰਖ ਨੇ ਦਇਆ-ਦ੍ਰਿਸ਼ਟੀ ਵਿਚ ਆ ਕੇ ਬਣਾਇਆ ਹੈ। ਇਹ ਕਾਨੂੰਨ ਆਦਿ ਜੁਗਾਦਿ ਤੋਂ ਇਸੇ ਤਰ੍ਹਾਂ ਕੰਮ ਕਰਦਾ ਚਲਾ ਆਉਂਦਾ ਹੈ ਅਤੇ ਬ੍ਰਹਿਮੰਡ ਦੇ ਸਾਰੇ ਗ੍ਰਹਿ ਉਸੇ ਸਬਰ-ਸੰਤੋਖ ਵਿਚ ਬੱਝੇ, ਆਪਣੇ ਥਾਂ-ਸਿਰ-ਥਾਂ ਟਿਕੇ ਚਲੇ ਆਉਂਦੇ ਹਨ।

***ਧੌਲੁ ਧਰਮੁ ਦਇਆ ਕਾ ਪੂਤੁ॥***
***ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥***

*(ਜਪੁਜੀ, ਪਉੜੀ ੧੬)*

ਗੁਰੂ ਨਾਨਕ ਨਿਰੰਕਾਰੀ ਰੱਬੀ ਚਮਤਕਾਰ ਦੇ ਗੂੜ੍ਹ ਭੇਤੀ ਸਨ, ਤਾਹੀਓਂ ਤਾਂ ਉਹ ਫੁਰਮਾਉਂਦੇ ਹਨ ਕਿ ਜੇ ਕੋਈ ਸੱਚਾਈ ਤੋਂ ਇਨਕਾਰ ਕਰਦਾ ਹੈ ਤਾਂ ਫਿਰ ਧਰਤੀਆਂ ਤਾਂ ਬੇਅੰਤ ਹਨ, ਹੋਰ ਦੇ ਥੱਲੇ ਹੋਰ ਹੋਰ, ਜਿਨ੍ਹਾਂ ਦਾ ਕੋਈ ਅੰਤ ਨਹੀਂ। ਫਿਰ ਦੱਸੋ ਕਿ ਉਨ੍ਹਾਂ ਦੇ ਥੱਲੇ ਕਿਹੜੇ ਬਲਦ ਦਾ ਆਸਰਾ ਹੈ।

ਧੌਲ ਚੁੱਕੀ ਖੜੇ ਤੋਂ ਸਪਸ਼ਟ ਹੈ ਕਿ ਉਹ ਕਿਸੇ ਹੋਰ ਸਤਹ ਉੱਪਰ ਖੜ੍ਹਾ ਹੈ। ਭਾਵ, ਧੌਲ ਦੇ ਥੱਲੇ ਹੋਰ ਵੀ ਧਰਤੀ ਦੀ ਹੋਂਦ ਹੈ। ਇਸ ਤੋਂ ਧਰਤੀ ਹੋਰੁ ਪਰੈ ਦਾ ਸਿਧਾਂਤ ਸੱਚ ਸਾਬਤ ਹੋ ਜਾਂਦਾ ਹੈ। ਹੋਰੁ ਹੋਰੁ ਹੁਣ ਸਵਾਲ ਉਠਦਾ ਹੈ ਕਿ ਇਕ ਤੋਂ ਬਾਅਦ ਇਕ ਗਿਣਦਿਆਂ ਆਖ਼ਰੀ ਬਲਦ ਕਿਸੇ ਸਹਾਰੇ ਖੜ੍ਹਾ ਹੈ? ਜੇ ਉਹ ਕਿਸੇ ਗੈਬੀ ਸ਼ਕਤੀ ਨਾਲ ਬਗੈਰ ਥੱਲੜੀ ਸਤਹ-ਹੋਂਦ ਦੇ ਖੜ੍ਹਾ ਹੈ ਤਾਂ ਕੀ ਉਹ ਗੈਬੀ ਤਾਕਤ ਧੌਲ ਤੋਂ ਬਗੈਰ ਧਰਤੀ ਨੂੰ ਨਹੀਂ ਚੁੱਕ ਸਕਦੀ। ਹਰ ਹਾਲਤ ਵਿਚ ਕਿਸੀ ਰੱਬੀ ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕਰਨਾ ਪਏਗਾ।

ਜੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਇਕ ਮਿੰਟ ਵਾਸਤੇ ਅੱਖੋਂ ਓਹਲੇ ਕਰ ਦੇਈਏ ਤਾਂ ਕੀ ਇਸ ਗੱਲ ਦਾ ਕਿਸੇ ਕੋਲ ਕੋਈ ਜਵਾਬ ਹੈ ਕਿ ਸਾਨੂੰ ਆਕਾਸ਼ ਵਿੱਚ ਜਿਹੜੇ ਹੋਰ ਬੇਅੰਤ ਗ੍ਰਹਿ ਦਿਸਦੇ ਹਨ ਉਹ ਕਿਸ ਆਸਰੇ ਖੜ੍ਹੇ ਹਨ? ਠੀਕ ਇਸੇ ਤਰ੍ਹਾਂ ਇਨ੍ਹਾਂ ਸਤਰਾਂ ਦਾ ਜਵਾਬ ਵੀ ਕੋਈ ਹੀ ਦੇ ਸਕੇਗਾ -

***ਜੇ ਕੋ ਬੁਝੈ ਹੋਵੈ ਸਚਿਆਰੁ॥***
***ਧਵਲੈ ਉਪਰਿ ਕੇਤਾ ਭਾਰੁ॥***
***ਧਰਤੀ ਹੋਰੁ ਪਰੈ ਹੋਰੁ ਹੋਰੁ॥***
***ਤਿਸ ਤੇ ਭਾਰੁ ਤਲੈ ਕਵਣੁ ਜੋਰੁ॥ (ਜਪੁਜੀ, ਪਉੜੀ ੧੬)***

ਕੇਵਲ ਜਪੁਜੀ ਵਿਚ ਹੀ ਕਿੰਨੇ ਨਵੀਨ ਵਿਗਿਆਨਕ ਤੱਥ ਦਰਸਾਏ ਮਿਲਦੇ ਹਨ। ਕਈ ਥਾਈਂ ਤਾਂ ਗੁਰੂ ਜੀ ਨੇ ਨਵੀਨ ਵਿਗਿਆਨੀਆਂ ਨੂੰ ਚੁਨੌਤੀ ਵੀ ਦਿੱਤੀ ਹੈ -

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***(ਜਪੁਜੀ, ਪਉੜੀ ੨੨)***

ਅਤੇ -

***ਕੇਤੀਆ ਖਾਣੀ, ਕੇਤੀਆ ਬਾਣੀ...॥***
***(ਜਪੁਜੀ, ਪਉੜੀ ੩੫)***

ਜੇ ਮਨੁੱਖ ਨੇ ਹਾਲਾਂ ਇਹ ਤੱਥ ਨਹੀਂ ਲੱਭੇ ਤਾਂ ਇਸ ਦੀ ਵਿਗਿਆਨਕ ਜਾਣਕਾਰੀ ਅਜੇ ਅਧੂਰੀ ਹੈ।

ਗੁਰੂ ਨਾਨਕ ਨਿਰੰਕਾਰੀ ਨੇ ਕਿਸੇ ਦੂਰਬੀਨ, ਭਾਵ, ਖੋਜਾਂ ਤੋਂ ਬਿਨਾ ਹੀ ਅਜਿਹੇ ਤੱਥ ਪਰਗਟ ਕੀਤੇ ਹਨ, ਜਿਨ੍ਹਾਂ ਤਕ ਅਜੋਕੇ ਸਾਇੰਸਦਾਨ ਅੱਜ ਤੱਕ ਵੀ ਨਹੀਂ ਅੱਪੜ ਸਕੇ।

***ਕੇਤੀਆ ਕਰਮ ਭੂਮੀ, ਮੇਰ ਕੇਤੇ,***
***ਕੇਤੇ ਧੂ ਉਪਦੇਸ॥੩੫॥ (ਜਪੁਜੀ)***

'ਕੇਤੇ ਧੂ' ਦਰਸਾਉਣ ਵਾਲਾ ਕੀ ਵਿਗਿਆਨ ਤੋਂ ਕੋਰਾ ਸੀ?

ਉਹ ਫਿਰ ਜਾਣਦੇ ਹਨ -

***ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ॥੩੫॥***
***(ਜਪੁ)***

ਤਾਜੀ ਖੋਜ ਮੁਤਾਬਿਕ ਸਾਇੰਸਦਾਨਾਂ ਨੇ ਗੁਰੂ ਜੀ ਦੇ ਇਸ ਸਿਧਾਂਤ ਨੂੰ ਸਵੀਕਾਰ ਕਰ ਲਿਆ ਹੈ ਕਿ ਸੂਰਜ ਕਈ ਹਨ ਕਿਉਂਕਿ ਕਈ ਗ੍ਰਹਿ ਅਜਿਹੇ ਲੱਭੇ ਹਨ ਜੋ ਇਸ ਦਿਸਦੇ ਸੂਰਜ ਦੁਆਲੇ ਨਹੀਂ, ਸਗੋਂ ਕਿਸੇ ਹੋਰ ਦੇ ਦੁਆਲੇ ਘੁੰਮ ਰਹੇ ਹਨ। ਜੇ ਸੂਰਜ ਅਨੇਕ ਹਨ ਤਾਂ ਚੰਦਰਮਾ ਅਤੇ ਤਾਰਾ-ਮੰਡਲ ਵੀ ਅਨੇਕ ਹੋਣ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ।

ਬੁੱਧੀ ਦੀ ਮਾਰ ਨੇ (ਸ਼ਕਤੀ ਨੇ) ਇਹ ਅਸਲੀਅਤ ਪੇਸ਼ ਕਰ ਦਿੱਤੀ ਹੈ ਕਿ ਸਾਰਾ ਸੂਰਜ-ਮੰਡਲ ਕਿਸੇ ਨਿਸਚਿਤ ਰੂਪ ਵਿੱਚ ਚਲਦਾ ਹੀ ਰਹਿੰਦਾ ਹੈ। ਧਰਤੀ ਸੂਰਜ ਦੁਆਲੇ ਚੱਕਰ ਕੱਟਦੀ ਹੈ ਤੇ ਚੰਨ ਧਰਤੀ ਦੁਆਲੇ। ਇਹ ਵੀ ਸਿੱਧ ਹੋ ਚੁਕਾ ਹੈ ਕਿ ਸੂਰਜ ਵੀ ਸਥਿਰ ਨਹੀਂ ਹੈ।

ਮਹਾਨ ਵਿਗਿਆਨੀ ਗੁਰੂ ਨਾਨਕ ਨਿਰੰਕਾਰੀ ਨੇ ਇਹ ਸੱਚਾਈ ਪਰਗਟ ਕਰ ਦਿੱਤੀ ਹੈ ਕਿ ਵਾਹਿਗੁਰੂ ਜੀ ਤੋਂ ਬਿਨਾਂ ਕੋਈ ਵੀ ਸਥਿਰ ਨਹੀਂ ਹੈ। ਗੁਰਵਾਕ -

***ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥***
***ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥੭॥***
***ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥***
***ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥॥੮॥੧੭॥***
***ਅੰਗ - ੬੪***

ਇਥੇ ਹੀ ਬੱਸ ਨਹੀਂ, ਗੁਰੂ ਜੀ ਇਕ ਹੋਰ ਨੁਕਤਾ ਸਪਸ਼ੱਟ ਕਰਦੇ ਹਨ ਕਿ ਇਹ ਸਭ ਚਲਾਇਮਾਨ ਗ੍ਰਹਿ ਚਲਦੇ ਤਾਂ ਹਨ, ਪਰ ਇਨ੍ਹਾਂ ਸਭਨਾਂ ਵਿਚ ਆਪੋ-ਧਾਪੀ ਨਹੀਂ। ਸਾਰਾ ਬ੍ਰਹਿਮੰਡ ਨਿਯਮਕ ਤੇ ਹੁਕਮ ਵਿਚ ਚਲ ਰਿਹਾ ਹੈ। ਬ੍ਰਹਿਮੰਡ ਦਾ ਸਾਰਾ ਪਸਾਰਾ ਕਾਨੂੰਨ-ਬੱਧ ਹੈ। ਕਾਨੂੰਨ-ਬੱਧ ਤੋਂ ਭਾਵ, ਭੈ ਜਾਂ ਡਰ ਵਿਚ ਰਹਿ ਕੇ, ਅਥਵਾ

ਅਨੁਸਾਰੀ ਹੋ ਕੇ ਚੱਲਣ ਤੋਂ ਹੈ। ਇਹ ਭੈ ਵੀ ਉਸੇ ਅਟੱਲ ਨਿਯਮ ਦਾ ਹੀ ਭਾਗ ਹੈ। ਇਹੀ ਤਾਂ ਕਰਤੇ ਦੀ ਸਿਰਮੌਰ ਸਿਫ਼ਤ ਹੈ ਕਿ 'ਉਸ ਦਾ' ਆਪਣੇ ਵਲੋਂ ਪੈਦਾ ਕੀਤੀ ਹਰ ਵਸਤ ਉੱਪਰ ਕਾਬੂ ਹੈ। ਕਿਰਤਮ ਮਨੁੱਖ ਦੀ ਅਲਪੱਗ ਬੁੱਧੀ ਅਨੁਸਾਰ ਬਣਾਈ ਵਸਤੂ ਤਾਂ ਮਨੁੱਖ ਦੇ ਬੇਕਾਬੂ ਹੋ ਸਕਦੀ ਹੈ, ਪਰ ਕਰਤੇ ਪੁਰਖ ਦੀ ਕੁਦਰਤ ਅਨੁਸਾਰ ਰਚੀ ਹਰ ਚੀਜ਼ ਉਸ ਦੇ ਭੈ ਵਿਚ ਵਿਚਰਦੀ ਰਹੀ, ਵਿਚਰ ਰਹੀ ਹੈ ਅਤੇ ਵਿਚਰਦੀ ਰਹੇਗੀ -

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥*
*ਕੋਹ ਕਰੋੜੀ ਚਲਤ ਨ ਅੰਤੁ॥੧॥੪॥(ਵਾਰ ਆਸਾ)*

ਅਥਵਾ -

*ਭੈ ਵਿਚਿ ਆਡਾਣੇ ਆਕਾਸ॥੧॥੪। (ਵਾਰ ਆਸਾ)*

ਜਿਥੇ ਇਹ ਸਾਰੇ ਗ੍ਰਹਿ ਭੈ ਵਿਚ ਨਿਸਚਿਤ ਮਾਰਗਾਂ ਉਤੇ ਚਲਦੇ ਹਨ, ਉੱਥੇ ਉਨ੍ਹਾਂ ਦੇ ਆਪਸੀ ਸੰਬੰਧ ਵੀ ਉਸੇ ਭੈ ਤੋਂ ਉਤਪੰਨ ਹੁੰਦੇ ਹਨ। ਇਸੇ ਰਿਸ਼ਤੇ ਕਾਰਨ ਉਹ ਇੱਕ ਦੂਜੇ ਤੋਂ ਰੌਸ਼ਨੀ, ਗਰਮੀ ਲੈਂਦੇ-ਦਿੰਦੇ ਰਹਿੰਦੇ ਹਨ। ਉਦਾਹਰਣ ਵਜੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਗਿਆਨਕ ਸੂਝ ਇਨ੍ਹਾਂ ਪੰਗਤੀਆਂ ਤੋਂ ਫਿਰ ਵੇਖੀ ਜਾ ਸਕਦੀ ਹੈ, ਜਦ ਉਹ ਕਹਿੰਦੇ ਹਨ -

*ਪਸਰੀ ਕਿਰਣਿ, ਰਸਿ ਕਮਲ ਬਿਗਾਸੇ,*
*ਸਸਿ ਘਰਿ ਸੂਰੁ ਸਮਾਇਆ॥੩॥੧੫॥*
*ਅੰਗ - ੧੩੩੨*

ਭੂਗੋਲ ਵਿਗਿਆਨ, ਬਨਸਪਤੀ ਵਿਗਿਆਨ ਦੋਹਾਂ ਤਰ੍ਹਾਂ ਦੇ ਵਿਗਿਆਨਕ ਤੱਥਾਂ ਨੂੰ ਇਕ ਹੀ ਤੁਕ ਵਿਚ ਪੇਸ਼ ਕਰਨ ਦਾ ਕਿਤਨਾ ਸੁੰਦਰ ਕਮਾਲ ਹੈ! ਸੌ ਫ਼ੀਸਦੀ ਬਨਸਪਤਿ ਦਾ ਖਿੜਾਅ ਸੂਰਜੀ ਕਿਰਨਾਂ ਨਾਲ ਹੀ ਹੈ। ਤੁਕ ਦੇ ਪਿਛਲੇ ਅੱਧ ਵਿੱਚ ਦੇਖੋ ਕੈਸੀ ਵਿਗਿਆਨਕ ਸੱਚਾਈ ਮੌਜੂਦ ਹੈ! ਚੰਦਰਮਾ ਦੀ ਆਪਣੀ ਕੋਈ ਰੌਸ਼ਨੀ ਨਹੀਂ, ਸਗੋਂ ਸੂਰਜੀ ਕਿਰਨਾਂ ਦਾ ਚੰਦਰਮਾ ਦੇ ਤਲ ਤੇ ਪਰਛਾਵਾਂ ਹੈ, ਜੋ ਸਾਨੂੰ ਚੰਨ ਚਮਕਦਾ ਤੇ ਰੌਸ਼ਨੀ ਖਿਲਾਰਦਾ ਨਜ਼ਰ ਆਉਂਦਾ ਹੈ।

ਨਵੀਨ ਵਿਗਿਆਨ ਦੇ ਡੂੰਘੇ ਅਧਿਐਨ ਤੋਂ ਇੱਕ ਹੋਰ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਬ੍ਰਹਿਮੰਡ ਦੇ ਸਮੁੱਚੇ ਗ੍ਰਹਿਆਂ ਦੀ ਪ੍ਰਸਪਰ ਰਗੜ ਅਤੇ ਟਕਰਾਅ ਤੋਂ ਜਿਥੇ ਕਈ ਪ੍ਰਕਾਰ ਦੀਆਂ ਸ਼ਕਤੀਆਂ ਉਤਪੰਨ ਹੁੰਦੀਆਂ ਹਨ, ਉਥੇ ਇਨ੍ਹਾਂ ਦੇ ਚੱਲਣ, ਘਸਣ ਨਾਲ ਖ਼ਤਮ ਵੀ ਹੁੰਦੀਆਂ ਹਨ। ਇਸ ਲਈ ਸਮੁੱਚੀ ਕਿਰਿਆ ਇਕਸਾਰ ਹੀ ਰਹਿੰਦੀ ਹੈ। ਸਾਡੇ ਰੋਜ਼ਾਨਾ ਜੀਵਨ ਵਿਚ ਆਕਸੀਜਨ-ਚੱਕਰ ਅਤੇ ਜਲ-ਚੱਕਰ ਦੀਆਂ ਉਦਾਹਰਣਾਂ ਇਸ ਤੱਥ ਨੂੰ ਹੋਰ ਵੀ ਸਪਸ਼ਟ ਕਰਦੀਆਂ ਹਨ। ਗੁਰੂ ਨਾਨਕ ਨਿਰੰਕਾਰੀ ਅਨੁਸਾਰ ਸਿਰਜਨਹਾਰ ਨੇ ਬ੍ਰਹਿਮੰਡ ਰਚ ਕੇ ਅਨੇਕਾਂ ਹੀ ਮੰਡਲ ਸਿਰਜੇ ਹਨ, ਜਿਨ੍ਹਾਂ ਦੀ ਸਮੁੱਚੀ ਨਿਗਰਾਨੀ ਉਹ ਆਪ ਕਰਦਾ ਹੈ ਪਰ ਉਨ੍ਹਾਂ ਵਿਚ ਨਵੀਂ ਸ਼ਕਤੀ ਭਰਨ ਦੀ ਵਾਰ ਵਾਰ ਲੋੜ ਨਹੀਂ ਪੈਂਦੀ। ਜੋ ਸ਼ਕਤੀ ਭਰਨੀ ਸੀ, ਇਕੋ ਵਾਰ ਹੀ ਭਰ ਦਿੱਤੀ -

*ਆਸਣੁ ਲੋਇ ਲੋਇ ਭੰਡਾਰ॥*
*ਜੋ ਕਿਛੁ ਪਾਇਆ ਸੁ ਏਕਾ ਵਾਰ॥੩੧।(ਜਪੁਜੀ)*

ਅਥਵਾ -

*ਕੀਤਾ ਪਸਾਉ ਏਕੋ ਕਵਾਉ॥੧੬॥(ਜਪੁਜੀ)*

ਕੁਛ ਸਮੇਂ ਤੋਂ ਵਿਗਿਆਨੀਆਂ ਵਲੋਂ ਇਸ ਸਿਧਾਂਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕੁਦਰਤ ਦੇ ਸਭ ਗ੍ਰਹਿਆਂ ਦੀ ਗਰਮੀ ਹੌਲੀ ਹੌਲੀ ਘਟਦੀ ਜਾਂਦੀ ਹੈ, ਕਿਉਂ ਜੁ ਸੂਰਜ ਦੀ ਤਪਸ਼ ਵੀ ਮੱਧਮ ਪੈਂਦੀ ਜਾ ਰਹੀ ਹੈ। ਸੋ ਉਨ੍ਹਾਂ ਨੇ ਆਪਣੇ ਅਨੁਮਾਨਿਤ ਅੰਕੜਿਆਂ ਮੁਤਾਬਿਕ ਇਹ ਕਹਿ ਦਿੱਤਾ ਹੈ ਕਿ ਅਰਬਾਂ ਸਦੀਆਂ ਮਗਰੋਂ ਇਹ ਸ੍ਰਿਸ਼ਟੀ ਖ਼ਤਮ ਹੋ ਜਾਵੇਗੀ ਅਤੇ ਸਾਰਾ ਬ੍ਰਹਿਮੰਡ ਸਮਾਪਤ ਹੋ ਜਾਏਗਾ।

ਹੁਣ ਇਸ ਸਿਧਾਂਤ ਨੂੰ ਗੁਰੂ ਨਾਨਕ ਦੇਵ ਜੀ ਦੀ ਦਰਸਾਈ ਥਿਊਰੀ ਦੇ ਸਾਹਮਣੇ ਰੱਖ ਕੇ ਪਰਖਿਆ ਜਾਏ ਤਾਂ ਇਹ ਗਲਤ ਸਿੱਧ ਹੁੰਦਾ ਹੈ। ਜੇ ਇਹ ਸਿਧਾਂਤ ਮੰਨ ਲਈਏ ਤਾਂ ਇਸ ਦਾ ਮਤਲਬ ਹੈ ਕਿ ਵਾਹਿਗੁਰੂ ਜੀ ਨੂੰ ਬ੍ਰਹਿਮੰਡੀ ਸ਼ਕਤੀ ਵਿੱਚ ਕੁਝ ਹੋਰ ਨਵਾਂ ਵਾਧਾ ਕਰਨਾ ਪਏਗਾ।

ਪਰੰਤੂ ਜੋ ਕਿਛੁ ਪਾਇਆ ਸੁ ਏਕਾ ਵਾਰ ਵਾਲੇ ਸਿਧਾਂਤ ਅਨੁਸਾਰ ਸਾਇੰਸਦਾਨਾਂ ਦਾ ਇਹ ਡਰ ਨਿਰਮੂਲ ਹੈ। ਅੱਜ ਦੀ ਤਾਜ਼ਾ ਖੋਜ ਮੁਤਾਬਿਕ ਅਮਰੀਕਨ ਵਿਗਿਆਨੀਆਂ ਨੇ (ਭਾਰਤੀ ਵਿਗਿਆਨੀਆਂ ਨੇ ਵੀ ਇਹ ਤਜਰਬੇ ਕਰ ਕੇ ਦੇਖੇ ਹਨ) ਇਹ ਤੱਥ ਸਪਸ਼ਟ ਕਰ ਦਿੱਤਾ ਹੈ ਕਿ ਸਮੇਂ ਦੇ ਚੱਕਰ ਵਿੱਚ ਕਈ ਸਦੀਆਂ ਅਜਿਹੀਆਂ ਆਉਂਦੀਆਂ ਹਨ, ਜਿਨ੍ਹਾਂ ਵਿੱਚ ਸੂਰਜ ਦੀ ਗਰਮੀ ਘਾਟੇ ਵੱਲ ਜਾਂਦੀ ਹੈ, ਪਰ ਕਈ ਸਦੀਆਂ ਅਜਿਹੀਆਂ ਹੁੰਦੀਆਂ ਹਨ, ਜਦੋਂ ਵਾਧੇ ਵੱਲ ਹੁੰਦੀ ਹੈ। ਇਸ ਤਰ੍ਹਾਂ ਬ੍ਰਹਿਮੰਡ ਦੀ ਗਰਮੀ ਉਥੇ ਦੀ ਉਥੇ ਹੀ ਰਹਿੰਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਗਟਾਇਆ ਸਿਧਾਂਤ ਅਨੰਤ ਕਾਲ ਤੱਕ ਠੀਕ ਸਾਬਤ ਹੁੰਦਾ ਰਹੇਗਾ।

ਇੱਥੇ ਇਸ ਸਚਾਈ ਨੂੰ ਨਜ਼ਰ-ਅੰਦਾਜ਼ ਕਰਨਾ ਮਹਾਨ ਭੁੱਲ ਹੋਵੇਗੀ ਕਿ ਕਾਦਰ ਦਾ ਰਚਿਤ ਤ੍ਰੈ-ਗੁਣੀ ਪਸਾਰਾ ਤਾਂ ਕਾਲ ਕਾ ਤਮਾਸ਼ਾ ਹੀ ਹੈ, ਪਰ ਜਿੰਨੀ ਦੇਰ ਤਕ ਵੀ 'ਉਸ ਦੇ' ਹੁਕਮ ਵਿਚ ਇਹ ਪਸਾਰਾ ਪਸਰਿਆ ਹੋਇਆ ਹੈ, ਉਦੋਂ ਤੱਕ ਇਸ ਬ੍ਰਹਿਮੰਡ ਵਿੱਚ ਪਾਈਆਂ ਵਸਤਾਂ ਦੇ ਮੂਲ ਤੱਤ ਵਿਚ ਘਾਟ-ਵਾਧ ਨਹੀਂ ਹੋ ਸਕਦੀ, ਜਦ ਤਕ ਕਿ ਇਸ ਦਾ ਰਚੇਤਾ ਖ਼ੁਦ ਇਸ ਨੂੰ 'ਆਕਰਖ' ਨਹੀਂ ਕਰਦਾ (ਸਮੇਟਦਾ ਨਹੀਂ)। ਤੇ 'ਉਦਕਰਖ' (ਵਿਸਥਾਰ, ਫੈਲਾਉ) ਅਵਸਥਾ ਵਿਚ ਇਸ ਸਮੁੱਚੀ ਸ੍ਰਿਸ਼ਟੀ ਦਾ ਪਸਾਰਾ ਵੀ ਸ੍ਰੀ ਗੁਰੂ ਨਾਨਕ ਜੀ ਅਨੁਸਾਰ ਕਿਸੇ ਖਾਸ ਵਿਗਿਆਨਕ ਸਿਧਾਂਤ ਉੱਪਰ ਅਧਾਰਿਤ ਹੈ। ਪਲ-ਪਲ, ਬ੍ਰਹਿਮੰਡ ਦੇ ਜ਼ੱਰੇ ਜ਼ਰੇ ਵਿਚ ਹੋਣ ਵਾਲੀ ਤਬਦੀਲੀ, ਹਰ ਤਰ੍ਹਾਂ ਦਾ ਭੰਨਣ ਘੜਨ, ਜਪੁਜੀ ਸਾਹਿਬ ਵਿਚ ਅੰਕਿਤ ਇਸ ਵਿਚਾਰ ਉਤੇ ਆਧਾਰਿਤ ਹੈ -

***ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ......੨੯॥***
***(ਜਪੁਜੀ)***

ਰਚੀ ਹੋਈ ਸ੍ਰਿਸ਼ਟੀ ਦੇ ਕਿਸੇ ਵੀ ਚੇਤੰਨ ਜਾਂ ਜੜ੍ਹ ਦੀ ਉਦਾਹਰਣ ਲੈ ਲਓ, ਮੂਲ ਤੱਤ ਦੇ ਜੋੜ-ਤੋੜ (ਸੰਜੋਗ ਵਿਜੋਗ) ਨਾਲ ਹੀ ਹਰ ਚੀਜ਼ ਪੈਦਾ ਹੁੰਦੀ ਹੈ ਤੇ ਨਾਸ਼ ਹੁੰਦੀ ਹੈ। ਮੂਲ ਤਰ੍ਹਾਂ ਨਾਸ਼ ਨਹੀਂ ਹੁੰਦੇ, ਸਗੋਂ 'ਸੰਜੋਗ' ਵਿਧੀ ਵਿੱਚ ਪੈਦਾ ਹੋਈ ਸੂਰਤ ਖ਼ਤਮ ਹੋ ਜਾਂਦੀ ਹੈ। ਜੇ ਇਹ ਮੰਨ ਲਿਆ ਜਾਵੇ ਕਿ ਇਨ੍ਹਾਂ ਦੋ (ਤ੍ਰੈ-ਅੱਖਰੀ) ਸ਼ਬਦਾਂ ਵਿੱਚ ਗੁਰੂ ਨਾਨਕ ਜੀ ਨੇ ਸਮੁੱਚੀ ਸਾਇੰਸ ਬੰਦ ਕਰ ਕੇ ਰੱਖ ਦਿੱਤੀ ਹੈ ਤਾਂ ਇਹ ਅਤਕਥਨੀ ਨਹੀਂ ਹੋਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੌਤਿਕ ਵਿਦਿਆ ਵਿੱਚ ਇਹ ਅਨੁਭਵ ਸੰਪੂਰਨ ਪਰਗਟ ਹੁੰਦਾ ਹੈ, ਜਦ ਉਹ ਸ੍ਰਿਸ਼ਟੀ ਦਾ ਮੂਲ-ਪੰਜ ਤੱਤ ਵਰਨਣ ਕਰਦੇ ਹਨ -

***ਪੰਚ ਭੂ ਨਾਇਕੋ ਆਪਿ ਸਿਰੰਦਾ***
***ਜਿਨਿ ਸਚ ਕਾ ਪਿੰਡੁ ਸਵਾਰਿਆ॥੩॥***
***ਅੰਗ - ੭੬੬***

ਅਥਵਾ ਰਚਨਾ ਦੀ ਵਿਧੀ ਇਸ ਤਰ੍ਹਾਂ ਦਰਸਾਈ ਹੈ-

***ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ॥***
***ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ॥੩॥੧੫॥ ਅੰਗ - ੧੯***

***ਪਉਣੁ ਉਪਾਇ ਧਰੀ ਸਭ ਧਰਤੀ***
***ਜਲ ਅਗਨੀ ਕਾ ਬੰਧੁ ਕੀਆ॥੧॥ ਅੰਗ - ੩੫●***

ਇਸ ਸਭ ਪ੍ਰਕਾਰ ਦੀ ਸ੍ਰਿਸ਼ਟੀ-ਰਚਨਾ, ਰਚਨਾ-ਵਿਧੀ ਅਤੇ ਰਚਨਾ-ਮੂਲ ਤੱਤ ਨੂੰ ਪ੍ਰਗਟਾਉਣ ਦੇ ਨਾਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕ ਨਵੀਂ ਵਿਗਿਆਨਕ ਲੀਹ ਵੀ ਦਰਸਾਉਂਦੀ ਹੈ। ਅੱਜ ਦੀ ਸਾਇੰਸ ਦੋ ਪਹਿਲੂਆਂ ਤੋਂ ਨਤੀਜੇ ਕੱਢ ਕੇ ਲੁਕਾਈ ਸਾਹਮਣੇ ਰੱਖਦੀ ਹੈ। ਪਹਿਲਾਂ ਤਾਂ ਇਹ ਕਿ ਫਲਾਣੀ ਫਲਾਣੀ ਵਸਤ ਦੇ ਸੰਜੋਗ ਨਾਲ ਫਲਾਣੀ ਚੀਜ਼ ਪੈਦਾ ਹੁੰਦੀ ਹੈ ਜਾਂ ਹੋਂਦ ਵਿਚ ਆਉਂਦੀ ਹੈ। ਇਸ ਸਭ ਕੁਝ ਨੂੰ ਵਿਗਿਆਨੀ ਉਸ ਵਕਤ ਤੱਕ ਸਵੀਕਾਰ ਨਹੀਂ ਕਰਦਾ, ਜਦ ਤਕ ਉਸ ਸਿਧਾਂਤਕ ਨਤੀਜੇ ਨੂੰ ਜਾਂ ਸਿਧਾਂਤ-ਫਲ ਨੂੰ ਸਹੀ ਰੂਪ ਵਿਚ ਆਪਣੀਆਂ ਸਥੂਲ ਅੱਖਾਂ ਸਾਹਮਣੇ ਦੇਖ ਪਰਖ ਨਾ ਲਏ। ਇਨ੍ਹਾਂ ਸਥੂਲ ਅੱਖੀਆਂ ਸਾਹਮਣੇ ਪ੍ਰਜ਼ੀਰ ਹੋ ਰਹੀਆਂ ਵਸਤਾਂ ਤੋਂ ਬਿਨਾਂ ਉਸ ਦੇ ਭਾਣੇ, ਹੋਰ ਕੁਝ ਦੀ ਹੋਂਦ ਅਸੰਭਵ ਹੈ। ਤਦ ਉਹ ਨਿਖੇਧਾਤਮਕ ਤੌਰ ਤੇ ਇਹ ਕਹਿੰਦਾ ਹੈ ਕਿ ਆਹ ਚੀਜ਼ ਇਸ-ਇਸ ਤਰ੍ਹਾਂ ਦੇ ਫ਼ਾਰਮੂਲੇ ਨਾਲ ਬਣ ਸਕਦੀ ਹੈ ਤੇ ਆਹ ਬਣ ਹੀ ਨਹੀਂ ਸਕਦੀ, ਇਸ ਤਰ੍ਹਾਂ ਹੋ ਹੀ ਨਹੀਂ ਸਕਦਾ, ਆਦਿ। ਇਸ ਦੇ ਨਾਲ ਹੀ ਇਕ ਹੋਰ ਹੈਰਾਨੀ ਵਾਲੀ ਗੱਲ ਹੈ ਕਿ ਅੱਜ ਦਾ ਵਿਗਿਆਨੀ ਮੂਲ ਤੱਤ ਦੇ ਬਹੁ-ਪ੍ਰਕਾਰੀ ਸੰਜੋਗ ਵਿਜੋਗ ਨਾਲ ਨਵੀਆਂ ਨਵੀਆਂ ਚੀਜ਼ਾਂ ਪੈਦਾ ਕਰਨੀਆਂ ਤਾਂ ਜਾਣਦਾ ਹੈ, ਪਰ ਹਾਲੇ ਤਕ ਇਹ ਨਹੀਂ ਜਾਣ ਸਕਿਆ ਕਿ ਇਹ ਮੂਲ ਤੱਤ ਕਿਥੋਂ ਤੇ ਕਦੋਂ ਪੈਦਾ ਹੋਏ।

ਹੁਣ ਵਿਗਿਆਨੀਆਂ ਦੀ ਇਸੇ ਖੋਜ ਦੇ ਉੱਤਰ ਵਿਚ ਗੁਰੂ ਨਾਨਕ ਨਿਰੰਕਾਰੀ ਨਿਖੇਧਾਤਮਕ ਬਿਰਤੀ ਵਾਲਾ ਵਿਗਿਆਨਕ ਸਿਧਾਂਤ ਪੇਸ਼ ਕਰਦੇ ਹਨ। ਅੱਜ ਤੋਂ ਪੰਜ ਸਦੀਆਂ ਪਹਿਲਾਂ ਹੀ ਉਨ੍ਹਾਂ ਨੇ ਸਾਇੰਸਦਾਨਾਂ ਨੂੰ ਚੁਨੌਤੀ ਦਿੱਤੀ ਕਿ-ਲੱਖ ਯਤਨ ਕਰ ਲਓ, ਇਸ ਪਸਾਰੇ ਦਾ ਆਦਿ ਅੰਤ ਲਭ ਸਕਣਾ ਅਸੰਭਵ, ਅਤਿ ਅਸੰਭਵ ਹੈ। ਇਸ ਬਾਰੇ ਵੀ ਪਤਾ ਨਹੀਂ ਲਾਇਆ ਜਾ ਸਕਦਾ ਕਿ ਇਸ ਰਚਨਾ ਦਾ ਪ੍ਰਾਰੰਭ ਕਦੋਂ ਹੋਇਆ? ਕਵਣੁ ਸੁ ਵੇਲਾ? ਵਖਤ ਕਵਣੁ? ਕਵਣ ਥਿਤਿ? ਕਵਣੁ ਵਾਰ? ਕਵਣ ਸਿ ਰੁਤੀ? ਮਾਹੁ ਕਵਣੁ? ਜਿਤੁ ਹੋਆ ਆਕਾਰ?੨੧॥

ਪਰ -

***ਅੰਤ ਕਾਰਣਿ ਕੇਤੇ ਬਿਲਲਾਹਿ॥***
***ਤਾ ਕੇ ਅੰਤ ਨ ਪਾਏ ਜਾਹਿ॥੨੪॥***

ਅਥਵਾ -

***ਏਹੁ ਅੰਤੁ ਨ ਜਾਣੈ ਕੋਇ॥੨੪॥ (ਜਪੁਜੀ)***

ਅੱਜ ਦਾ ਵਿਗਿਆਨੀ ਅੰਕੜੇ ਲਾ ਲਾ ਗਿਣਤੀਆਂ ਕਰ-ਕਰ ਥੱਕ ਚੁੱਕਾ ਹੈ, ਪਰ ਇਕੋ ਇਸ ਧਰਤਿ-ਗ੍ਰਹਿ ਦੀ ਉਤਪਤੀ ਦੇ ਆਰੰਭ-ਕਾਲ ਦਾ ਭੇਦ ਨਹੀਂ ਪਾ ਸਕਿਆ।

ਇਹ ਸਿਰਫ਼ ਅਜੋਕੇ ਮਨੁੱਖ ਦੀ ਹੀ ਭਟਕਣਾ ਨਹੀਂ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ, ਬਲਕਿ ਕਲਜੁੱਗ ਤੋਂ ਪਹਿਲੇ ਯੁਗਾਂ ਵਿਚ ਵੀ ਇਸ ਪਾਸੇ ਵੱਲ ਖੋਜ ਦੀਆਂ ਦੌੜਾਂ ਲੱਗਦੀਆਂ ਰਹੀਆਂ ਹਨ, ਪਰ ਨਤੀਜਾ ਹਾਲੇ ਤੱਕ- *ਅੰਤ ਕਾਰਣਿ ਕੇਤੇ ਬਿਲਲਾਹਿ...... ੨੪॥ (ਜਪੁਜੀ)* ਵਾਲਾ ਹੀ ਹੈ। ਇਸੇ ਤਰ੍ਹਾਂ ਬਿਲਲਾਉਂਦੇ ਕਈ ਖਪ ਗਏ ਅਤੇ ਅਣਗਿਣਤ ਹੀ ਹੋਰ ਖੱਪ ਜਾਣਗੇ, ਪਰ ਅਕਾਲ ਪੁਰਖ ਰਚਿਤ ਪਸਾਰੇ ਦਾ ਆਦਿ ਅੰਤ ਲੱਭ ਸਕਣਾ ਅਸੰਭਵ ਹੀ ਰਹੇਗਾ। ਕੀ ਇਹ ਵਿਗਿਆਨਕ ਸੱਚਾਈ ਨਹੀਂ? ਇਹ ਵੀ ਇਕ ਸਿਧਾਂਤ ਤੋਂ ਮੁਨਕਰ ਹੋਣਾ ਹੈ ਕਿ ਇਹ ਇਸ ਤਰ੍ਹਾਂ ਹੋ ਹੀ ਨਹੀਂ ਸਕਦਾ। ਬੇਸ਼ਕ ਪਰਖ-ਪਰਤਾ ਕੇ ਦੇਖ ਲਓ। ਭੂਤ ਅਤੇ ਵਰਤਮਾਨ ਦੇ ਕਮਾਏ-ਪਰਖੇ ਤਜਰਬਿਆਂ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ -

***ਵੇਲ ਨ ਪਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ॥***
***ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥***
***ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ....॥੨੧॥ (ਜਪੁਜੀ)***

ਗੁਰੂ ਨਾਨਕ ਪਾਤਸ਼ਾਹ ਨੇ ਸਿੱਟਾ ਕੱਢੇ ਬਿਨਾਂ ਗੱਲ ਵਿਚ-ਵਿਚਾਲੇ ਨਹੀਂ ਛੱਡੀ, ਸਗੋਂ ਇਹ ਵੀ ਸਚਾਈ ਸਾਹਮਣੇ ਰੱਖ ਦਿਤੀ ਹੈ ਕਿ ਆਖ਼ਰ ਜੇ ਕੋਈ ਵੀ ਅੰਤ ਪਾਉਣ ਦੇ ਸਮਰੱਥ ਨਹੀਂ ਤਾਂ ਫਿਰ ਇਸ ਭੇਦ ਦਾ ਜਾਣੂੰ ਕੌਣ ਹੈ?

***ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥੨੧॥***

ਹਾਂ ਜੀ, ਆਪੇ ਜਾਣੈ ਸੋਈ ਦਾ ਐਸਾ ਸਿਧਾਂਤ ਨੁਕਤਾ ਹੈ, ਜਿਥੇ ਸ੍ਰੀ ਗੁਰੂ ਨਾਨਕ-ਵਿਗਿਆਨੀ ਅਤੇ ਹੋਰਨਾਂ ਵਿਗਿਆਨੀਆਂ ਦੇ ਵਿਚਕਾਰ ਇਕ ਜ਼ਬਰਦਸਤ ਭਿੰਨਤਾ ਰੂਪੀ ਕੰਧ ਉਸਰੀ ਦਿਖਾਈ ਦਿੰਦੀ ਹੈ, ਜਿਸਦੇ ਇਕ ਪਾਸੇ ਤਾਂ ਬੁਧੀ-ਜੀਵੀਆਂ ਦੀ ਧਿਰ, ਦਿਮਾਗੀ ਹਥਿਆਰਾਂ ਨਾਲ ਲੜਾਈ ਕਰਦੀ ਹੋਈ ਮੂੰਹ ਛੁਪਾਉਂਦੀ ਨਜ਼ਰ ਆਉਂਦੀ ਹੈ, ਪਰ ਇਸੇ ਕੰਧ ਦੇ ਦੂਜੇ ਪਾਸੇ ਗੁਰੂ ਨਾਨਕ ਨਿਰੰਕਾਰੀ ਦੇ ਭੌਰਿਆਂ ਦੀ ਧਿਰ, ਧੁਰੋਂ ਪ੍ਰਾਪਤ ਅਟੱਲ ਸਚਾਈਆਂ ਨਾਲ ਲੱਦੀ ਹੋਈ, ਸੱਚ ਦੀ ਸ਼ਕਤੀ ਨਾਲ, ਵਿਰੋਧੀ ਧਿਰ ਉਪਰ ਹਾਵੀ ਹੁੰਦੀ ਹੋਈ, ਉੱਚਾ ਮੁਖੜਾ ਚੁਕੀ ਨਜ਼ਰ ਆਉਂਦੀ ਹੈ।

ਕੰਮ ਦੋਹਾਂ ਧਿਰਾਂ ਦੀ ਕਰਣਹਾਰ ਦੀ ਰਚਨਾ ਦੇ ਕ੍ਰਿਸ਼ਮਿਆਂ ਨੂੰ ਵਿਗਿਆਨਕ ਨੁਕਤਿਆਂ ਰਾਹੀਂ ਪੇਸ਼ ਕਰਨਾ ਹੈ। ਫ਼ਰਕ ਇਸ ਗੱਲ ਦਾ ਹੈ ਕਿ ਜਿਥੇ ਦੂਸਰੇ ਸਾਇੰਸਦਾਨ ਕਰਤੇ ਦੀ ਹੋਂਦ ਨੂੰ ਭੁਲਾ ਕੇ 'ਕੀਤੇ' ਦਾ ਪੋਸਟ-ਮਾਰਟਮ ਕਰਨ ਵਿਚ ਰੁੱਝੇ ਹੋਏ ਹਨ ਤੇ ਰੁੱਝ ਰਹੇ ਹਨ-ਉਥੇ ਸ੍ਰੀ ਗੁਰੂ ਨਾਨਕ-ਵਿਗਿਆਨੀ 'ਕੀਤੇ' ਨੂੰ ਦੇਖਦੇ-ਪੇਖਦੇ ਹੋਇਆਂ, 'ਕਰਤੇ' ਦੀ ਹੋਂਦ ਦਾ ਮਹਾਤਮ ਕਿਰਤਮ ਨਾਲੋਂ ਵਧੇਰੇ ਸਮਝਣ-ਸਮਝਾਉਣ ਨੂੰ ਮੁੱਖ ਸਮਝਦਾ ਹੈ ਤੇ 'ਕਰਤੇ' ਦੀ ਪ੍ਰਾਪਤੀ ਵਿਚ ਹੀ ਉਹ ਆਤਮਿਕ ਸਾਇੰਸ ਅਜਿਹੇ ਅਦੁੱਤੀ ਵਿਸਥਾਰ ਵਿਚ ਮਨੁੱਖਤਾ ਸਾਹਮਣੇ ਰਖਦਾ ਹੈ ਕਿ ਗੁਰੂ ਨਾਨਕ ਨਿਰੰਕਾਰੀ ਨੂੰ ਸੁਣਨ-ਪੜ੍ਹਨ ਤੇ ਪੇਖਣ ਵਾਲੇ ਦੇ ਮੁਖੋਂ ਸਹਿਜ ਸੁਭਾ ਹੀ ਵਾਹ! ਗੁਰੂ! ਦਾ ਉਚਾਰਨ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਇਕ ਐਸਾ ਵਿਗਿਆਨੀ ਹੈ ਜਿਸ ਦੇ ਅਧਿਆਪਨ ਵਿਚ ਆਤਮਿਕ ਸਾਇੰਸ ਅਤੇ ਹੋਰ ਕਈ ਕਿਸਮਾਂ ਦੀਆਂ ਸਾਇੰਸਾਂ ਨਾਲੋ ਨਾਲ ਚਲਦੀਆਂ ਹਨ। ਉਹ ਆਪਣੀ ਰੂਹਾਨੀ ਸਾਇੰਸ ਦੇ ਸਿਧਾਂਤਾਂ ਨੂੰ ਵਿਸਥਾਰ ਸਹਿਤ ਸਮਝਾਉਣ ਲਈ ਦੂਜੀਆਂ ਸਾਇੰਸਾਂ ਦੇ ਤੱਥਾਂ ਨੂੰ ਫਰੋਲ-ਫਰੋਲ ਕੇ ਪੇਸ਼ ਕਰਦਾ ਹੈ। ਵਿਗਿਆਨਕ ਤੱਥਾਂ ਦੀਆਂ ਉਦਾਹਰਣਾਂ ਰਾਹੀਂ, ਆਪਣੇ ਅਸਲ ਨੁਕਤੇ ਨੂੰ ਪੇਸ਼ ਕਰਨ ਦਾ ਇਹ ਇਕ ਐਸਾ ਤਰੀਕਾ ਹੈ, ਜਿਸ ਰਾਹੀਂ ਕਿ ਸੁਣਨ ਪੜ੍ਹਣ ਵਾਲੇ ਉਤੇ ਝਟਪਟਾ ਅਤੇ ਸਥਾਈ ਪ੍ਰਭਾਵ ਜਮ ਜਾਂਦਾ ਹੈ। ਅਸੀਂ ਕਹਿ ਸਕਦੇ ਹਾਂ ਕਿ -

ਗੁਰੂ ਨਾਨਕ ਨਿਰੰਕਾਰੀ ਸਭ ਤਰ੍ਹਾਂ ਦੀਆਂ ਸਾਇੰਸਾਂ ਦੇ ਸਰਬੱਗ ਗਿਆਤਾ ਹੋਏ ਹਨ, ਪਰ ਦੁਨੀਆ ਵਿਚ ਅੱਜ ਤੀਕਣ ਹੋਏ ਅਧਿਆਤਮ-ਵਿਗਿਆਨੀਆਂ ਵਿਚੋ ਉਹ ਸਰਬੋਤਮ ਅਧਿਆਤਮ-ਵਿਗਿਆਨੀ ਹਨ।

ਗੁਰਮਤਿ-ਸਾਹਿਤ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਰਚਨਾ ਦਾ ਇਕ-ਇਕ ਅੱਖਰ ਤੇ ਪੰਗਤੀ, ਭਿੰਨ-ਭਿੰਨ ਸਾਇੰਸ-ਖੇਤਰਾਂ ਵਿਚ, ਆਪਣੇ ਆਪ ਵਿਚ ਇਕ ਫ਼ਾਰਮੂਲਾ ਹੈ, ਪਰਖਿਆ-ਤੋਲਿਆ ਸਿਧਾਂਤ ਹੈ, ਜੋ ਭੂਤ ਵਿਚ ਲੱਭੇ ਜਾ ਚੁੱਕੇ, ਵਰਤਮਾਨ ਵਿਚ ਲੱਭੇ ਜਾ ਰਹੇ ਅਤੇ ਭਵਿਖ ਵਿਚ ਹਾਲੀ ਪ੍ਰਗਟ ਹੋਣ ਵਾਲੇ ਵਿਗਿਆਨਕ ਤੱਥਾਂ ਦਾ ਉਲੇਖ ਕਰਦੇ ਹਨ। ਰੂਹਾਨੀਅਤ ਅਤੇ ਵਿਗਿਆਨ ਦਾ ਇਕ ਥਾਂ ਸੁਮੇਲ ਕਰ ਵਿਖਾਉਣਾ ਗੁਰੂ ਨਾਨਕ-ਵਿਗਿਆਨੀ ਦਾ ਹੀ ਕੰਮ ਹੈ ਓਹ ਨਿਰੰਕਾਰੀ-ਸਰੂਪਾ ਸ੍ਰੀ ਗੁਰੂ ਨਾਨਕ! ਧੰਨ ਗੁਰੂ ਨਾਨਕ!! ਜਿਸ ਜਿਹਾ ਨਾ ਕਦੀ, ਪਹਿਲੋਂ ਕੋਈ ਹੋਇਆ ਹੈ ਤੇ ਨਾ ਹੀ ਕਦੇ ਹੋਵੇਗਾ!!! ਜੇ 'ਨਾਨਕ' ਨਾਮ ਦਾ ਸੰਧੀ-ਛੇਦ ਕੀਤਾ ਜਾਵੇ ਤਾਂ ਇਸ ਵਿਚ ਰੰਚਕ ਵੀ ਸੰਦੇਹ ਨਹੀਂ ਰਹਿ ਜਾਂਦਾ - ਨਾਨਕ = ਨ+ਅਨਕ।

ਬੱਸ, ਨਾਨਕ ਇਕੋ ਹੀ ਹੋਇਐ-ਉਸ ਜਿਹਾ ਕੋਈ ਅਨਿਕ, ਦੂਜਾ ਜਾਂ ਅਨੇਕ ਨਹੀਂ ਹਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਮਰ ਅਗਿਆਨ (ਭਰਮ ਅੰਧੇਰ) ਦੇ ਹੜ੍ਹ ਵਿੱਚ ਰੁੜੇ ਜਾ ਰਹੇ ਸੰਸਾਰ ਨੂੰ ਉਬਾਰਨ ਲਈ ਕਲੀਕਾਲ ਅੰਦਰ ਆ ਕੇ ਅਵਤਾਰ ਧਾਰਿਆ। ਇਸ ਧੁੰਧ ਰੋਗ ਨੂੰ ਦੂਰ ਕਰਨ ਲਈ ਅਜਿਹਾ ਅਨੋਖਾ ਅੰਜਨ ਅਮਰ-ਕਲਾ ਦੁਆਰਾ ਰੋਗੀ ਸੰਸਾਰੀਆਂ ਪ੍ਰਤਿ ਨਿਛਾਵਰ ਕੀਤਾ ਕਿ ਇਸ ਔਖਧਿ ਸੰਪੰਨ ਅਮਰ-ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕੱਟ ਦਿੱਤੇ। ਕੈਸੀ ਅਚਰਜ ਔਖਧੀ ਹੈ ਤੇ ਕੈਸਾ ਅੱਦੁਤੀ ਅੰਜਨ (ਸੁਰਮਾ) ਹੈ, ਜਿਸ ਨੂੰ ਗੁਰੂ ਨਾਨਕ ਦੇਵ ਰੂਪੀ, ਗੁਰੂ ਸਰੂਪ ਸੋਮੇ ਤੋਂ ਨਿਕਲੀ ਗੁਰਬਾਣੀ ਇਸ ਤਰ੍ਹਾਂ ਨਿਰੂਪਣ ਕਰਦੀ ਹੈ।ਯਥਾ -

*ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ॥...੧॥੪॥੨॥) ਅੰਗ - ੫੪੨*

ਬੱਸ ਇਹ ਅਲੌਕਿਕ ਅੰਜਨ, ਇਹ ਅਨੋਖੀ ਔਖਧੀ (ਦਾਰੂ) ਨਾਮ ਹੈ, ਜਿਸ ਅਮਰ ਪਦਾਰਥ ਦੇ ਭੁੰਚਿਆਂ ਤੇ ਰੋਗੀ ਦੇ ਰਿਦੇ ਅੰਦਰ ਪ੍ਰਵੇਸ਼ ਹੋਣ ਕਰਕੇ ਅਗਿਆਨ-ਅੰਧੇਰ ਬਿਨਾਸ਼ ਹੋ ਜਾਂਦਾ ਹੈ ਤੇ ਕਰੋੜਾਂ ਸੂਰਜਾਂ ਦੇ ਉਜਿਆਰਿਆਂ ਸਮਾਨ ਦਿਬ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਯੱਥਾ ਗੁਰਵਾਕ-

*ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ॥੧॥੨॥੩॥੪॥ ਅੰਗ - ੭੦੦*

ਜਦ ਤਕ ਜੋਤਿ ਦਾ ਪ੍ਰਕਾਸ਼ ਜਗਿਆਸੂਆਂ ਦੇ ਹਿਰਦੇ ਅੰਦਰ ਨਹੀਂ ਹੁੰਦਾ ਤਦ ਤਕ ਘਰ ਅੰਨ੍ਹੇਰਾ ਹੀ ਅੰਨ੍ਹੇਰਾ ਹੈ। ਐਵੇਂ ਗੱਲਾਂ ਬਾਤਾਂ ਦੁਆਰਾ ਇਹ ਜੋਤਿ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਇਹ ਤਾਂ ਕੇਵਲ 'ਨਾਮ' ਦੁਆਰਾ ਹੀ ਹੋ ਸਕਦਾ ਹੈ। ਨਾਮ ਸਿਮਰਨ ਨਾਲ ਹੀ ਦਿੱਬ ਜੋਤਿ ਦੀ ਲਖਤਾ ਦਾ ਪ੍ਰਕਾਸ਼ ਹੁੰਦਾ ਹੈ। ਇਹ ਅਵਸਥਾ ਕੇਵਲ ਫ਼ਿਲਾਸਫ਼ਰਾਂ ਵਾਲੀਆਂ ਖ਼ਿਆਲੀ ਉਡਾਰੀਆਂ ਯਾ ਅਨੁਮਾਨਾਂ ਨਾਲ ਪ੍ਰਾਪਤ ਨਹੀਂ ਹੋ ਸਕਦੀ। ਨਾਮ ਦੀ ਸ਼ਰਧਾ-ਭਾਵਨੀ ਵਾਲੀ ਨਿਸ਼ਕਾਮ ਕਮਾਈ ਦੁਆਰਾ ਹੀ ਅਕਾਲੀ ਜੋਤਿ ਦੇ ਪਰਤੱਖ ਦਰਸ਼ਨ ਹੁੰਦੇ ਹਨ। ਇਹ ਨਾਮ ਦਾ ਫੁਹਾਰਾ ਕਿੱਥੋਂ ਫੁੱਟਿਆ? ਸਤਿਗੁਰੂ ਨਾਨਕ ਦੇਵ ਜੀ ਰੂਪੀ ਸੱਚੇ ਸੋਮੇ ਤੋਂ, ਜਿਨ੍ਹਾਂ ਦੇ ਅਵਤਾਰ ਦਿਹਾੜੇ ਦਾ ਗੁਰਪੁਰਬ ਮਨਾਇਆ ਜਾਂਦਾ ਹੈ। ਗੁਰਪੁਰਬ ਮਨਾਵਣਾ ਕੇਵਲ ਉਸ ਸ਼ੁਭ ਦਿਹਾੜੇ ਦੀ ਯਾਦਗਾਰ ਹੈ, ਕਿਉਂਕਿ ਇਹ ਸੱਚ ਦੇ ਪ੍ਰਕਾਸ਼ ਦਾ ਦਿਹਾੜਾ ਹੈ, ਸੱਚੇ ਗਿਆਨ ਦੇ ਪ੍ਰਕਾਸ਼ ਦਾ ਸੁਭਾਗ ਦਿਹਾੜਾ ਹੈ; ਕਿਉਂਕਿ ਏਸ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਨਾਮ ਰੂਪੀ ਔਖਧੀ ਲੈ ਕੇ ਸੰਸਾਰ ਨੂੰ ਅਰੋਗ ਕਰਨ ਲਈ ਪਰਗਟ ਹੋਏ। ਗੁਰੂ ਰੂਪ ਸੂਰਜ ਬਿਨਾਂ ਸੰਸਾਰ ਉਪਰ ਧੁੰਧ ਗੁਬਾਰ ਹੀ ਸੀ। ਜੈਸਾ ਕਿ ਗੁਰਵਾਕ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥*
*ਅੰਗ - ੪੬੩*

ਏਸੇ ਲਈ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਗਟ ਹੋਣ ਪਰ ਹੀ ਦੁਨੀਆ ਵਿੱਚ ਅੰਤਰ-ਆਤਮੇ ਗਿਆਨ ਪ੍ਰਕਾਸ਼ਨਹਾਰਾ ਚਾਨਣ ਹੋਇਆ -

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭*

ਅਜਿਹੇ ਸੱਚੇ ਸਤਿਗੁਰੂ ਦੀ ਯਾਦ ਵਿੱਚ ਗੁਰਪੁਰਬ ਕਿਉਂ ਨਾ ਮਨਾਏ ਜਾਣ? ਪਰ ਵਿਚਾਰਨਾ ਚਾਹੀਦਾ ਹੈ ਕਿ ਗੁਰਪੁਰਬ ਮਨਾਉਣ ਦਾ ਮਨੋਰਥ ਕੀ ਹੈ? ਕੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਉਣਾ ਹੋਰ ਚੁਰਾਸੀਏ ਜੀਵਾਂ ਯਾ ਹੋਰ ਅਵਤਾਰਾਂ ਆਦਿ ਵਾਂਗ ਸੀ? ਨਹੀਂ, ਹਰਗਿਜ਼ ਨਹੀਂ।ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਪ੍ਰਯੋਜਨ ਤੇ ਵਿਲੱਖਣਤਾ ਇਹ ਗੁਰਵਾਕ ਪਰਗਟ ਕਰਦਾ ਹੈ:

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥੬॥੪॥੭॥੫੪॥ ਅੰਗ - ੭੪੯*

ਸ੍ਰੀ ਗੁਰੂ ਨਾਨਕ ਦੇਵ ਜੀ ਜੀਅ-ਦਾਨ ਦੇ ਕੇ ਭਗਤੀ

**(ਬਾਕੀ ਪੰਨਾ 17 'ਤੇ)**

# ਨਾਮ ਰੰਗ ਰੱਤੇ

*[ਗਿ. ਗੋਪਾਲ ਸਿੰਘ ਮਿੱਤਰ]*

ਨਾਮ ਰੰਗ ਦੇ ਅੰਦਰ ਰੱਤੇ, ਮੂੰਹੋਂ ਕੁੱਝ ਨ ਦੱਸਨ।
ਨਾ ਪਰਵਾਹ ਕਿਸੇ ਦੀ ਕਰਦੇ, ਰੰਗ ਰੋਵਨ ਰੰਗ ਹੱਸਨ।

ਮਸਤਕ ਨੂਰ ਮੂੰਹ ਤੇ ਲਾਲੀ, ਨੈਣ ਉਨ੍ਹਾਂ ਦੇ ਖੀਵੇ,
ਇੱਕ ਨਿਗਾਹ ਕਰਨ ਜਿਸ ਪਾਸੇ, ਮੀਂਹ ਮਿਹਰ ਦੇ ਵੱਸਨ।

ਸਿਦਕ, ਯਕੀਨ ਉਨ੍ਹਾਂ ਦਾ ਕਾਮਲ, ਮਨ ਪਰਤੀਤ ਸਵਾਈ।
ਬਾਝ ਸਾਂਈਂ ਦੇ ਹੋਰ ਨ ਵੇਖਨ, ਨਜਰ ਅਜੇਹੀ ਪਾਈ।

ਸਿੱਕਾਂ ਸਿੱਕ ਸਾਂਈਂ ਦੀ ਵਾਲਾ, (ਉਨ੍ਹਾਂ) ਸਿਕਦੇ ਸਿਕਦੇ ਲੱਭਾ,
ਰਾਜੀ ਰਹਿਨ ਰਜਾ ਦੇ ਅੰਦਰ, ਮੰਗ ਨਾ ਮੰਗਦੇ ਕਾਈ।

ਲਾਲਚ, ਹਿਰਸ, ਤਮੰਨਾਵਾਂ ਦੀ, ਪੰਡੜੀ ਸਿਰ ਤੋਂ ਲਾਹੀ
ਖ਼ੁਦੀ, ਬਖ਼ੀਲੀ, ਨਿੰਦਿਆ, ਚੁਗਲੀ ਦੀ, ਢੇਰੀ ਵੀ ਢਾਹੀ।

ਦੈਵੀ ਸੰਪਦ ਗੁਣ ਸਾਰੇ ਹੀ 'ਮਿੱਤਰ' ਉਨ੍ਹਾਂ ਵਿਹਾਝੇ,
ਤਾਜ ਤਖ਼ਤ ਵੱਲ ਤੱਕਨ ਨਾ, ਉਹ ਰੰਗੇ ਸਿਫ਼ਤ ਸਲਾਹੀ।

ਰੰਗ ਰਤਿਆਂ ਦੀ ਸੰਗਤ 'ਮਿੱਤਰ' ਮਨ ਨੂੰ ਚਾੜ੍ਹੇ ਆਤਮਰੰਗ।
ਨਾਮ ਸਬੂਣ ਬਣੇ ਮਲ ਕੱਟੇ ਪੱਕਾ ਹੁੰਦਾ ਜਾਇ ਨਿਸੰਗਾ।

ਮਿਲਦੀ ਰਹੇ ਉਸ ਨੂੰ ਜੇਕਰ ਦੋ ਵੇਲੇ ਸਤ-ਸੰਗਤ ਪਾਹ,
ਨਾ ਉਹ ਖੁਰੇ, ਨ ਉਤਰੇ ਕਦੇ ਵੀ, ਕਦੀ ਨਾ ਹੋਵੇ ਉਹ ਬਦਰੰਗ।

ਤ੍ਰਿਸ਼ਨਾ ਤ੍ਰਿਖਾ ਆਣ ਕੇ, ਜਦ ਸੰਤੋਖੀ ਮਨ ਤੇ ਗੁਲਬਾ ਪਾਵੇ।
ਉੱਚੀ ਚੜ੍ਹੀ ਸੂਰਤ ਨੂੰ ਢਾਹੇ, ਖਿੱਚੇ ਡੂੰਘੇ-ਤਲ ਲੈ ਜਾਵੇ।

ਵਸ ਰਹੀਆਂ ਨੇ ਜਿੱਥੇ ਲੋਭੀ ਲੰਪਟ ਜੱਗ ਦੀਆਂ ਇੱਛਾਵਾਂ,
ਕੇਵਲ ਸਾਧ ਸੰਗ ਤੇ ਸਿਮਰਨ, ਰੁੜ੍ਹਦੇ ਮਨ ਨੂੰ ਕੰਧੀ ਲਾਵੇ।

# ਬਾਬਾ ਗਇਆ ਬਗ਼ਦਾਦ ਨੂੰ

*[ਪ੍ਰੋ. ਸਾਹਿਬ ਸਿੰਘ ਜੀ]*

ਸ਼ਹਿਰ ਬਗ਼ਦਾਦ ਨੌਸ਼ੀਰਵਾਂ ਬਾਦਸ਼ਾਹ ਨੇ ਵਸਾਇਆ ਸੀ। ਉਸ ਥਾਂ, ਜਿੱਥੇ ਉੱਤਰ ਵੱਲੋਂ ਆ ਰਹੇ ਦਰਿਆ ਦਜਲਾ ਤੇ ਫ਼ਰਾਤ ਮਿਲ ਜਾਂਦੇ ਹਨ। ਅਗਾਂਹ ਫਿਰ ਦਰਿਆ ਦੀਆਂ ਦੋ ਧਾਰਾਂ ਬਣ ਜਾਂਦੀਆਂ ਹਨ, ਤੇ ਸ਼ਹਿਰ ਬਸਰੇ ਕੋਲ ਫਿਰ ਮਿਲ ਜਾਂਦੀਆਂ ਹਨ।

ਬਗ਼ਦਾਦ ਵਿੱਚ ਇੱਕ ਬੜਾ ਪ੍ਰਸਿੱਧ ਪੀਰ ਅਬਦੁਲ ਕਾਦਿਰ ਹੋਇਆ। ਇਸ ਦਾ ਜਨਮ ਈਰਾਨ ਦੇਸ਼ ਦੇ ਨਗਰ ਜੀਲਾਨ ਵਿੱਚ ਸੰਨ ੧੦੭੮ ਈਸਵੀ ਵਿੱਚ ਹੋਇਆ ਸੀ। ੨੨ ਫਰਵਰੀ ੧੧੬੬ ਨੂੰ ਇਸ ਪੀਰ ਦਾ ਦੇਹਾਂਤ ਬਗਦਾਦ ਵਿੱਚ ਹੋਇਆ। ਬਗ਼ਦਾਦ ਵਿੱਚ ਉਸ ਦਾ ਮਕਬਰਾ ਬਣਿਆ ਹੋਇਆ ਹੈ। ਪੀਰ ਅਬਦੁਲ ਕਾਦਿਰ ਦਾ ਪ੍ਰਸਿੱਧ ਨਾਮ 'ਦਸਤਗੀਰ' ਹੈ। ਉਸ ਦੇ ਜਾਂ-ਨਸ਼ੀਨ ਭੀ 'ਦਸਤਗੀਰ' ਅਖਵਾਂਦੇ ਹਨ। ਪੀਰ ਦੀ ਸੰਪ੍ਰਦਾਇ ਦੇ ਦਰਵੇਸ਼ 'ਕਾਦਰੀ ਅਖਵਾਂਦੇ ਹਨ। ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦੇ ਬਗ਼ਦਾਦ ਪਹੁੰਚਣ ਬਾਰੇ ਆਪਣੀ ਪਹਿਲੀ ਵਾਰ' ਦੀ ੩੫ਵੀਂ ਅਤੇ ੩੬ਵੀਂ ਪਉੜੀ ਵਿੱਚ ਇਉਂ ਲਿਖਿਆ ਹੈ -

*ਫਿਰਿ ਬਾਬਾ ਗਇਆ ਬਗ਼ਦਾਦ ਨੋ,*
*ਬਾਹਰਿ ਜਾਇ ਕੀਆ ਅਸਥਾਨਾ॥*
*ਇਕ ਬਾਬਾ ਅਕਾਲ ਰੂਪੁ,*
*ਦੂਜਾ ਰਬਾਬੀ ਮਰਦਾਨਾ॥*
*ਦਿਤੀ ਬਾਂਗਿ ਨਿਵਾਜਿ ਕਰਿ,*
*ਸੁੰਨਿ ਸਮਾਨਿ ਹੋਆ ਜਹਾਨਾ॥*
*ਸੁੰਨ-ਮੁੰਨਿ ਨਗਰੀ ਭਈ,*
*ਦੇਖਿ ਪੀਰ ਭਇਆ ਹੈਰਾਨਾ॥*
*ਵੇਖੈ ਧਿਆਨੁ ਲਗਾਇ ਕਰਿ,*
*ਇਕੁ ਫਕੀਰ ਵਡਾ ਮਸਤਾਨਾ॥*
*ਪੁਛਿਆ ਫਿਰਿ ਕੈ ਦਸਤਗੀਰ,*
*ਕਉਣ ਫਕੀਰੁ ਕਿਸ ਕਾ ਘਰਿਹਾਨਾ॥*
*ਨਾਨਕ ਕਲਿ ਵਿਚਿ ਆਇਆ,*
*ਰਬੁ ਫਕੀਰੁ ਇਕੋ ਪਹਿਚਾਨਾ॥*
*ਧਰਤਿ ਆਕਾਸ ਚਹੂ ਦਿਸ ਜਾਨਾ॥੩੫॥*

*ਪੁਛੇ ਪੀਰ ਤਕਰਾਰ ਕਰਿ,*
*ਏਹ ਫਕੀਰ ਵਡਾ ਅਤਾਈ॥*
*ਏਥੇ ਵਿਚਿ ਬਗਦਾਦ ਦੇ*
*ਵਡੀ ਕਰਾਮਾਤਿ ਦਿਖਲਾਈ॥*
*ਪਾਤਾਲਾ ਆਕਾਸ ਲਖ,*
*ਓੜਕਿ ਭਾਲੀ, ਖਬਰੁ ਸੁਣਾਈ।*
*ਫੇਰਿ ਦੁਰਾਇਣ ਦਸਤਗੀਰ,*
*ਅਸੀ ਭਿ ਵੇਖਾ ਜੋ ਤੁਹਿ ਪਾਈ॥*
*ਨਾਲਿ ਲੀਤਾ ਬੇਟਾ ਪੀਰ ਦਾ,*
*ਅਖੀ ਮੀਟਿ ਗਇਆ ਹਵਾਈ॥*
*ਲਖ ਆਕਾਸ ਪਾਤਾਲ ਲਖ,*
*ਅਖਿ ਫੁਰੰਕ ਵਿਚਿ ਸਭਿ ਦਿਖਲਾਈ॥*
*ਭਰਿ ਕਚਕੌਲ ਪ੍ਰਸਾਦਿ ਦਾ,*
*ਧੁਰੋਂ ਪਤਾਲੋਂ ਲਈ ਕੜਾਹੀ।*
*ਜ਼ਾਹਰ ਕਲਾ ਨ ਛਪੈ ਛਪਾਈ॥*

ਰਾਗ ਵਿੱਚ ਇਹ ਕੁਦਰਤੀ ਤਾਸੀਰ ਹੈ ਕਿ ਸੁਣਨ ਵਾਲੇ ਦੇ ਮਨ ਨੂੰ ਮਸਤ ਕਰਕੇ ਹੋਰ ਹੋਰ ਦੌੜ-ਭੱਜ ਵਲੋਂ ਹਟਾ ਕੇ, ਇੱਕ ਟਿਕਾਣੇ ਤੇ ਲਿਆ ਟਿਕਾਂਦਾ ਹੈ। ਫਿਰ ਜੇ ਰਾਗ ਵਿਚ ਪਰਮਾਤਮਾ ਦੀ ਸਿਫਤ-ਸਲਾਹ ਦੀ ਬਾਣੀ ਰਲਾ ਕੇ ਗਾਈ ਜਾਏ, ਤਾਂ ਸੁਣਨ ਵਾਲੇ ਦੇ ਧੁਰ ਅੰਦਰ ਥਾਂ ਬਣਾ ਲੈਂਦਾ ਹੈ।

ਰਾਗ ਦੀ ਇਸ ਉੱਚੀ ਤਾਸੀਰ ਤੋਂ ਟਪਲਾ ਖਾ ਕੇ ਗੰਦੇ ਗੀਤਾਂ ਉੱਤੇ ਦੋਸ਼ ਲਾਣ ਦੇ ਥਾਂ ਕਈ ਮੁਸਲਮਾਨ ਮਜ਼ਹਬੀ ਆਗੂਆਂ ਨੇ ਰਾਗ ਨੂੰ ਹੀ ਦੋਸ਼ੀ ਮੰਨ ਲਿਆ। ਮੁਸਲਮਾਨਾਂ ਵਿਚ ਇਹ ਆਮ ਖ਼ਿਆਲ ਬਣ ਗਿਆ ਹੈ ਕਿ ਸ਼ਰਹ ਅਨੁਸਾਰ 'ਰਾਗ' ਹਰਾਮ ਹੈ। ਬਗ਼ਦਾਦ ਨਿਵਾਸੀ ਪੀਰ 'ਦਸਤਗੀਰ' ਅਤੇ ਬਹਿਲੋਲ ਆਦਿਕ ਹੋਰ ਵਲੀ ਭੀ ਇਹੀ ਮੰਨ ਬੈਠੇ ਸਨ ਕਿ 'ਰਾਗ ਹਰਾਮ' ਹੈ, ਇਸ ਨੂੰ ਸੁਣਿਆਂ ਮਨ ਉੱਤੇ ਸ਼ੈਤਾਨ ਆ ਸਵਾਰ ਹੁੰਦਾ ਹੈ। ਆਤਮਕ ਜੀਵਨ ਦੇ ਰਸਤੇ ਵਿਚ ਇਹ ਡੰਡਾ ਸੀ, ਜੋ ਉਨ੍ਹਾਂ ਲੋਕਾਂ ਨੂੰ ਲੱਗ ਰਿਹਾ ਸੀ।

ਜਿਵੇਂ ਗੁਰੂ ਨਾਨਕ ਦੇਵ ਜੀ ਨੇ ਮੱਕੇ ਜਾ ਕੇ ਕਾਬੇ' ਵੱਲ ਪੈਰ ਪਸਾਰ ਕੇ ਭੁਲੇਖੇ ਵਿਚ ਪਏ ਲੋਕਾਂ ਨੂੰ ਇਹ ਸਮਝਾਇਆ ਸੀ ਕਿ ਖ਼ੁਦਾ ਦਾ ਘਰ ਸਿਰਫ਼ 'ਕਾਬਾ' ਨਹੀਂ ਹੈ, ਖ਼ੁਦਾ ਹਰ ਥਾਂ ਹਾਜ਼ਰ-ਨਾਜ਼ਰ ਹੈ, ਤਿਵੇਂ ਹੀ ਇਸਲਾਮ ਦੇ ਗੜ੍ਹ ਬਗ਼ਦਾਦ ਵਿਚ ਪਹੁੰਚ ਕੇ 'ਰਾਗ' ਨੂੰ ਹਰਾਮ ਸਮਝਣ ਵਾਲੇ ਲੋਕਾਂ ਨੂੰ 'ਰਾਗ' ਦੇ ਰਾਹੀਂ ਖ਼ੁਦਾ ਦੀ ਸਿਫਤ-ਸਲਾਹ ਸੁਣਾ ਕੇ ਅਮਲੀ ਤੌਰ ਤੇ ਉਸ ਦੀ ਤਾਸੀਰ ਦਿਖਾ ਦਿੱਤੀ। ਜਿਸ ਜਿਸ ਮਨੁੱਖ ਦੀ ਕੱਨੀਂ ਉਹ ਰਾਗ ਪਿਆ, ਉਹ ਉਹ ਗੁਰਮੁੱਖ ਹੁੰਦਾ ਗਿਆ, ਉਸ ਦੀ ਸੁਰਤਿ ਨਿਰਭੈ ਰੱਬੀ ਹਜ਼ੂਰੀ ਵਿੱਚ ਟਿਕਦੀ ਗਈ। ਕਿਸੇ ਨੂੰ ਇਹ ਹਿੰਮਤ ਨਾ ਪਈ ਕਿ ਨਿਰਵੈਰ ਨਿਰਭੈ ਗੁਰੂ ਨਾਨਕ ਉੱਤੇ ਕੋਈ ਮਾਰੂ ਵਾਰ ਕਰ ਸਕੇ। ਪੀਰ-ਦਸਤਗੀਰ ਵਲੀ-ਬਹਿਲੋਲ ਅਤੇ ਹੋਰ ਦਰਵੇਸ਼ ਭੀ ਆ ਪਹੁੰਚੇ। ਸਭ ਨੇ ਰੱਬੀ ਸਿਫਤ-ਸਲਾਹ ਰਾਗਾਂ ਵਿਚ ਸੁਣੀ। ਉਨ੍ਹਾਂ ਨੂੰ ਯਕੀਨ ਆ ਗਿਆ ਕਿ ਰਾਗ ਹਰਾਮ ਨਹੀਂ ਹੈ। ਇਸ ਤੋਂ ਸੰਕੋਚ ਨਹੀਂ ਕਰਨਾ, ਸੰਕੋਚ ਕਰਨਾ ਹੈ ਗੰਦੇ ਗੀਤਾਂ ਤੋਂ, ਜੋ 'ਰਾਗ' ਵਿਚ ਰਲ ਕੇ ਸੁਣਨ ਵਾਲੇ ਮਨੁੱਖ ਵਾਸਤੇ' ਆਤਮਕ ਮੌਤ ਦਾ ਕਾਰਣ ਬਣਦੇ ਹਨ।

ਪਤਾ ਨਹੀਂ ਕਿਉਂ, ਪਰ ਇਹ ਮਜ਼ਹਬੀ ਰਾਹਬਰ ਇਹ ਗ਼ਲਤੀ ਭੀ ਖਾ ਰਹੇ ਸਨ ਕਿ ਸਾਰੀ ਦੁਨੀਆਂ ਦੇ ਸੱਤ ਆਕਾਸ਼ ਹਨ ਤੇ ਸੱਤ ਪਾਤਾਲ ਹਨ। ਬੇਅੰਤ ਰਚਨਾ ਬਾਰੇ ਇਹੋ ਜਿਹੇ ਅੰਦਾਜ਼ੇ ਲਾਉਣੇ ਇੱਕ ਕੋਝਾ ਉੱਦਮ ਹੈ। ਕੀ ਹੈ ਵਿਤ ਇਨਸਾਨ ਦਾ, ਕਿ ਆਪਣੇ ਰਚਨਹਾਰ ਦਾ ਮੁੱਲ ਪਾ ਸਕੇ।

ਪਰ ਵੇਖੋ ਨਿਰਭੈਤਾ ਗੁਰੂ ਪਾਤਿਸ਼ਾਹ ਦੀ ਆਪਣੇ ਵਤਨ ਤੋਂ ਦੂਰ ਹਜ਼ਾਰਾਂ ਮੀਲ ਤੇ ਬੈਠੇ ਹੋਏ ਹਨ। ਸਿਰਫ਼ ਦੋ ਜਿੰਦਾਂ! ਨਿਡਰਤਾ ਤੇ ਪਿਆਰ ਨਾਲ ਸਮਝਾਈ ਹੋਈ ਸੱਚਾਈ ਅੱਗੇ, ਪੀਰ ਦਸਤਗੀਰ ਬਹਿਲੋਲ ਆਦਿਕ ਵਲੀਆਂ ਤੇ ਬਗ਼ਦਾਦ-ਨਿਵਾਸੀ ਮੁਸਲਮਾਨਾਂ ਦਾ ਸਿਰ ਝੁਕ ਗਿਆ। ਸਤਿਗੁਰੂ ਜੀ ਦੇ ਉਹ ਸ਼ਰਧਾਲੂ ਬਣ ਗਏ। ਸਤਿਗੁਰੂ ਜੀ ਦੇ ਉੱਥੇ ਆਗਮਨ ਦੀ ਯਾਦ ਵਿੱਚ ਇਕ ਕੁਤਬਾ ਤੁਰਕੀ ਬੋਲੀ ਵਿਚ ਲਾਇਆ ਗਿਆ, ਜੋ ਹੁਣ ਤਕ ਰੇਲਵੇ ਸਟੇਸ਼ਨ ਬਗ਼ਦਾਦ ਤੋਂ ਚੜ੍ਹਦੇ ਪਾਸੇ ਡੇਢ ਮੀਲ ਤੇ ਕਾਇਮ ਹੈ। ਉਸ 'ਕਤਬੇ' ਦਾ ਪੰਜਾਬੀ ਅਨੁਵਾਦ ਇਉਂ ਹੈ :-

'ਦੇਖੋ, ਹਜ਼ਰਤ ਪਰਵਰਦਗਾਰ ਬਜ਼ੁਰਗ ਨੇ ਕੇਹੀ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਤਅਮੀਰ ਨਵੇਂ ਸਿਰੇ ਬਣ ਗਈ। ਸੱਤ ਵੱਡੇ ਵਲੀਆਂ ਨੇ ਇਸ ਵਿੱਚ ਸਹਾਇਤਾ ਕੀਤੀ। ਉਸ ਦੀ ਤਾਰੀਖ਼ ਇਹ ਨਿਕਲੀ ਕਿ ਨੇਕ-ਬਖ਼ਤ ਮੁਰੀਦ ਨੇ ਪਾਣੀ ਲਈ ਜ਼ਮੀਨ ਵਿਚ ਪਾਣੀ ਦਾ ਚਸ਼ਮਾ ਜਾਰੀ ਕਰ ਦਿੱਤਾ।'

ਬਗ਼ਦਾਦ ਦੇ ਖੂਹਾਂ ਦਾ ਪਾਣੀ ਖਾਰਾ ਸੀ। ਗੁਰੂ ਨਾਨਕ ਦੇਵ ਜੀ ਨੇ ਜਿਥੇ ਨਵਾਂ ਖੂਹ ਲਵਾਇਆ ਉਹ ਮਿੱਠਾ ਹੈ। ਇਹ ਖੂਹ 'ਕਤਬੇ' ਦੇ ਪਾਸ ਹੈ। ਹੁਣ ਭੀ ਸਿਰਫ਼ ਇਸੇ ਦਾ ਪਾਣੀ ਮਿੱਠਾ ਹੈ।

ਮੁਸਲਮਾਨਾਂ ਦੇ ਆਤਮਕ ਜੀਵਨ ਦੇ ਰਸਤੇ ਵਿੱਚ ਜੋ ਰੁਕਾਵਟਾਂ ਆ ਰਹੀਆਂ ਸਨ, ਉਹ ਸਤਿਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਹਾਜ਼ੀਆਂ ਨਾਲ ਮੱਕੇ ਅੱਪੜ ਕੇ ਫਿਰ ਤੋਂ ਮਦੀਨੇ ਬਸਰੇ ਦੇ ਰਸਤੇ ਬਗ਼ਦਾਦ ਪਹੁੰਚ ਕੇ ਨਿਡਰਤਾ, ਨਿਰਭੈਤਾ ਨਾਲ ਅਮਲੀ ਤਰੀਕਾ ਵਰਤ ਕੇ ਸਮਝਾ ਦਿੱਤੀਆਂ। ਇਸੇ ਕੰਮ ਹੀ ਇਤਨੇ ਲੰਮੇ ਪੈਂਡੇ ਮਾਰੇ ਸਨ।

---

*(ਪੰਨਾ 14 ਦੀ ਬਾਕੀ)*

ਵਿੱਚ ਜੀਵਾਂ ਨੂੰ ਲਾਉਣ ਦੇ ਪ੍ਰਯੋਜਨ ਨੂੰ ਲੈ ਕੇ ਸੰਸਾਰ ਵਿਚ ਪਰਗਟ ਹੋਏ। ਨਾਮ ਧਨ ਦਾ ਦਾਨ ਆਪ ਨੇ ਸੰਸਾਰ ਨੂੰ ਦਿੱਤਾ, ਜੋ ਸਦਾ ਨਾਲ ਨਿਭਣ ਵਾਲਾ ਹੈ। ਯਥਾ –

***ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ॥੨॥(੭) ਅੰਗ – ੫੧੧***

ਸਾਨੂੰ ਚਾਹੀਦਾ ਹੈ ਕਿ ਗੁਰਪੁਰਬ ਵਾਲੇ ਦਿਨ ਪ੍ਰੇਮਾ-ਭਗਤੀ ਵਿੱਚ ਲੀਨ ਹੋਈਏ, ਤਾਕਿ ਹਰਿ-ਪ੍ਰੀਤਮ ਦੇ ਮਿਲਾਪ ਦੇ ਪਰਮ ਪਦ ਦੀ ਪ੍ਰਾਪਤੀ ਹੋਵੇ। ਭਾਉ-ਭਗਤੀ ਸਹਿਤ ਗੁਰਸਿੱਖਾਂ ਦਾ ਗੁਰਪੁਰਬ ਮਨਾਉਣਾ ਲੇਖੇ ਪੈਂਦਾ ਹੈ। ਜੈਸਾ ਕਿ ਇਸ ਤਰ੍ਹਾਂ ਗੁਰਪੁਰਬ ਮਨਾਵਣਹਾਰਿਆਂ ਦੀ ਮਹਿਮਾ ਭਾਈ ਗੁਰਦਾਸ ਜੀ ਦਸਦੇ ਹਨ –

***ਕੁਰਬਾਣੀ ਤਿਨਾ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥ ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੨***

ਬੱਸ, ਭਾਉ-ਭਗਤੀ ਦੇ ਰੰਗ ਵਿੱਚ ਮਨਾਇਆ ਗੁਰਪੁਰਬ ਹੀ ਪ੍ਰਵਾਣ ਪੈਂਦਾ ਹੈ। ਜੋ ਇਸ ਤਰ੍ਹਾਂ ਗੁਰਪੁਰਬ ਮਨਾਏ ਜਾਣ ਤਾਂ ਗੁਰੂ ਸਾਹਿਬ ਦੇ ਐਨ ਓਸੇ ਵਕਤ ਓਥੇ ਜੋਤਿ ਸਰੂਪੀ ਪਰਤੱਖ ਦਰਸ਼ਨ ਹੋਣ ਵਿੱਚ ਰੰਚਕ ਸੰਦੇਹ ਨਹੀਂ। ਪਰ ਇਸ ਤਰ੍ਹਾਂ ਦਾ ਤੀਬਰ ਪ੍ਰੇਮ ਤੇ ਗੁਰੂ ਦਰਸ਼ਨ ਦੀ ਪ੍ਰਤੀਤ ਵਿਰਲੇ ਗੁਰਸਿੱਖਾਂ ਨੂੰ ਹੀ ਹੁੰਦੀ ਹੈ। ਉਨ੍ਹਾਂ ਦਾ ਹੀ ਭਾਉ-ਭਗਤੀ ਕਰਨਾ ਤੇ ਗੁਰੂ-ਜਸ ਗਾਵਣਾ ਥਾਉਂ ਪੈਂਦਾ ਹੈ। ਯਥਾ ਗੁਰਵਾਕ –

***ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ॥ ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥੩॥ ਅੰਗ – ੭੩੪***

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ

*[ਡਾ. ਗੰਡਾ **ਸਿੰਘ ਜੀ**]*

ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਣੀ ਚਲੀ ਆ ਰਹੀ ਰੀਤ ਅਨੁਸਾਰ ਆਪਣੇ ਅੰਤਮ ਸਮੇਂ ਕਿਸੇ ਭੀ ਸਿੱਖ ਨੂੰ ਗੁਰਿਆਈ ਨਹੀਂ ਦਿੱਤੀ। ਸਭ ਇਤਿਹਾਸਕਾਰ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਤਮ ਦਿਨਾਂ ਦੇ ਵਾਕਿਆਤ ਦਾ ਜ਼ਰਾ ਭੀ ਵਿਸਥਾਰ ਨਾਲ ਵਰਨਣ ਕੀਤਾ ਹੈ, ਉਨ੍ਹਾਂ ਸਭ ਨੇ ਇਹ ਹੀ ਕਿਹਾ ਹੈ ਕਿ ਗੁਰੂ ਸਾਹਿਬ ਨਾਂਦੇੜ ਵਿਚ ਜੋਤੀ ਜੋਤ ਸਮਾ ਗਏ ਸਨ ਅਤੇ ਉਨ੍ਹਾਂ ਨੇ ਕਿਸੇ ਮਨੁੱਖ ਨੂੰ ਗੁਰਿਆਈ ਨਹੀਂ ਸੀ ਦਿੱਤੀ ਅਤੇ ਉਨ੍ਹਾਂ ਤੋਂ ਬਾਅਦ ਕੋਈ ਭੀ ਮਨੁੱਖ ਗੁਰੂ (ਖ਼ਲੀਫ਼ਾ) ਨਹੀਂ ਹੋਇਆ ਅਤੇ ਗੁਰੂ ਨਾਨਕ ਤੋਂ ਲੈ ਕੇ ਕੇਵਲ ਦਸ ਹੀ ਮਨੁੱਖੀ ਸਰੀਰਧਾਰੀ ਗੁਰੂ ਸਨ, ਹੋਰ ਕੋਈ ਨਹੀਂ। ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕਿਸੇ ਗੁਰੂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਥਾਪੇ ਜਾਣ ਦਾ ਜ਼ਿਕਰ ਕੀਤਾ ਹੈ।

ਦੇਹਧਾਰੀ ਗੁਰੂ ਨੂੰ ਮੰਨਣ ਵਾਲੀ ਸੰਪ੍ਰਦਾਇ ਦੇ ਕੁੱਝ ਲਿਖਾਰੀਆਂ ਦਾ ਇਹ ਕਹਿਣਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੀ ਗੱਲ ਅੰਗਰੇਜ਼ਾਂ ਦੇ ਕਹਿਣ ਅਨੁਸਾਰ ਸਿੰਘ ਸਭਾ ਦੇ ਆਗੂਆਂ ਨੇ ਚਲਾਈ ਸੀ, ਇਤਿਹਾਸ ਵਿਰੁੱਧ ਕਲਪਨਾ ਹੈ। ਸਿੰਘ ਸਭਾ ਲਹਿਰ ਸੰਨ ੧੮੭੩ ਵਿੱਚ ਆਰੰਭ ਹੋਈ ਸੀ, ਪਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਿਆਈ ਦਿੱਤੇ ਜਾਣ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਲਿਖਾਰੀਆਂ ਦੇ ਸਮੇਂ ਤੋਂ ਹੀ ਮਿਲਦਾ ਹੈ।

ਭਾਈ ਨੰਦ ਲਾਲ ਜੀ ਗੁਰੂ ਸਾਹਿਬ ਦੇ ਨਿਕਟਵਰਤੀ ਸਮਕਾਲੀ ਸਨ। ਉਹਨਾਂ ਨੇ ਆਪਣਾ ਰਹਿਤਨਾਮਾ ਪਹਿਲਾਂ ਸੰਮਤ ੧੭੫੨ (ਸੰਨ ੧੬੯੫) ਵਿਚ ਲਿਖਿਆ ਸੀ, ਪਰ ਆਪ ਗੁਰੂ ਸਾਹਿਬ ਦੇ ਨਾਂਦੇੜ ਹੋਣ ਸਮੇਂ ਬਾਦਸ਼ਾਹ ਬਹਾਦੁਰ ਸ਼ਾਹ ਦੇ ਨਾਲ ਇੱਕ ਸ਼ਾਹੀ ਕਰਮਚਾਰੀ ਦੇ ਤੌਰ ਤੇ ਉੱਥੇ ਮੌਜੂਦ ਸਨ, ਜਿਸ ਦਾ ਜ਼ਿਕਰ ਢਾਡੀ ਨਾਥ-ਮਲ ਨੇ ਭੀ ਆਪਣੇ ਅਮਰਨਾਮੇ' ਵਿੱਚ ਕੀਤਾ ਹੋਇਆ ਹੈ। ਭਾਈ ਨੰਦ ਲਾਲ ਜੀ ਨੂੰ ਗੁਰੂ ਸਾਹਿਬ ਜੀ ਦੇ ਨਾਂਦੇੜ ਵਿੱਚ ਜ਼ਖਮੀ ਹੋਣ, ਅੰਤ ਸਮੇਂ ਗੁਰੂ ਸਾਹਿਬ ਦੇ ਉਪੇਦਸ਼ਾਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਅਤੇ ਦਿਹਾਂਤ ਦਾ ਸਭ ਪਤਾ ਸੀ, ਇਸੇ ਕਰਕੇ ਉਨ੍ਹਾਂ ਨੇ ਆਪਣੇ ਰਹਿਤਨਾਮੇ ਵਿੱਚ ਸਪਸ਼ਟ ਗੁਰੂਓਵਾਰ' ਦੇ ਸਿਰਲੇਖ ਹੇਠਾਂ ਲਿਖਿਆ ਹੈ :

*ਦੂਸਰ ਰੂਪ ਗ੍ਰੰਥ ਜੀ ਜਾਣ,*
*ਉਨ ਕੇ ਅੰਗ ਮੇਰੇ ਕਰ ਮਾਨ॥*
*ਮੇਰਾ ਰੂਪ ਗ੍ਰੰਥ ਜੀ ਜਾਣ,*
*ਇਸ ਮੈ ਭੇਦ ਨਹੀ ਕੁਝ ਮਾਨ॥*

ਇਨ੍ਹਾਂ ਵਾਕਾਂ ਦੀ ਪੁਸ਼ਟੀ ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਤੋਂ ਭੀ ਹੁੰਦੀ ਹੈ ਜੋ ਗੁਰੂ ਸਾਹਿਬ ਜੀ ਦੇ ਹੋਰ ਭੀ ਨਿਕਟ-ਵਰਤੀ ਜਾਣੂ ਸਨ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਅੱਠ ਸਾਲ ਸਤ ਮਹੀਨੇ ਦੇ ਅੰਦਰ ਮਈ ਸੰਨ ੧੭੧੭ ਨੂੰ ਕਵੀ ਸੋਹਨ ਨੇ ਗੁਰ-ਬਿਲਾਸ ਪਾਤਸ਼ਾਹੀ ਛੇਵੀਂ' ਸ਼ੁਰੂ ਕੀਤਾ ਸੀ ਅਤੇ ਅਗਲੇ ਸਾਲ ਜੁਲਾਈ ਸੰਨ ੧੭੧੮ ਨੂੰ ਸਮਾਪਤ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ : ਚੌਥੇ ਅਧਿਆਇ ਵਿਚ ਕਵੀ ਸੋਹਣ ਲਿਖਦਾ ਹੈ-

*ਮਮ ਆਗਿਆ ਸਬ ਹੀ ਸੁਨੋ*
*ਸਤਿ ਬਾਤ ਨਿਰਧਾਰ।*
*ਗ੍ਰੰਥ ਗੁਰੂ ਸਮ ਮਾਨੀਓ*
*ਭੇਦ ਨਾ ਕੋਊ ਬਿਚਾਰ॥*
*ਗੁਰੂ ਗ੍ਰੰਥ ਕਲਜੁਗ ਭਯੋ*
*ਸ੍ਰੀ ਗੁਰੂ ਰੂਪ ਸਮਾਨ।*
*ਦਸ ਪਾਤਸ਼ਾਹੀਆ ਰੂਪ*
*ਇਹ ਗੁਰੂ ਗ੍ਰੰਥ ਜੀ ਜਾਨ॥੪੧੨॥*
*ਗੁਰੂ ਦਰਸ ਜਿਹ ਦੇਖਨਾ*
*ਸ੍ਰੀ ਗ੍ਰੰਥ ਦਰਸਾਇ॥*
*ਬਾਤ ਕਰਨਿ ਗੁਰ ਸੋ ਚਹੈ*
*ਪੜ੍ਹੇ ਗ੍ਰੰਥ ਮਨ ਲਾਇ॥੪੧੩॥*

ਇਸ ਤੋਂ ਬਾਦ ਸੰਨ ੧੭੫੧ (ਸੰਮਤ ੧੮੦੮ ਬਿ:) ਵਿਚ ਕਵੀ ਕੋਇਰ ਸਿੰਘ ਨੇ 'ਗੁਰ-ਬਿਲਾਸ ਪਾਤਸ਼ਾਹੀ ਦਸ' ਲਿਖਿਆ ਜਿਸ ਦੇ ੨੧ ਵੇਂ ਧਿਆਇ (ਅੰਤਮ ਸਮਾਚਾਰ) ਵਿਚ ਦਸਮ ਪਾਤਸ਼ਾਹ ਦਾ ਹੁਕਮ ਇਸ ਤਰ੍ਹਾਂ ਦਿੱਤਾ ਹੈ :

*ਤਾਂ ਤੇ ਜੋ ਮੁਹ ਸਿਖ ਸੁਜਾਨਾ,*
*ਮਾਨੋ ਗੁਰੂ ਗ੍ਰੰਥ ਭਗਵਾਨਾ॥੯੩॥ ਅੰਗ - ੨੮੩*

*ਦਰਸਨ ਗੁਰ ਕਾ ਹੈ ਸਵਧਾਨ॥*
*ਸ੍ਰੀ ਗ੍ਰੰਥ ਸਾਹਿਬ ਜੀ ਮਾਨ॥੯੮॥*
*ਯਾ ਬਿਧਿ ਔਰ ਗੁਰੂ ਨਹਿ ਕਹਿਹੀ॥*
*ਤਾ ਤੇ ਸਾਚੋ ਗੁਰ ਯਹਿ ਚਹਿਹੀ॥੧੦੨॥*
*ਅੰਗ - ੨੮੪*

*ਗ੍ਰੰਥ ਗੁਰੂ ਮੈ ਨਿਹਚਾ ਧਾਰੈ।*
*ਤਾ ਬਿਨ ਚਾਹ ਨ ਧਰੋ ਪਿਯਾਰੇ।*
*ਤਾਂਕੀ ਵਾਂਛਾ ਸਭ ਗੁਰ ਪੂਰੇ।*
*ਯਾ ਪਰ ਨਿਸਚਾ ਭ੍ਰਮ ਸਭ ਦੂਰੈ॥੧੩੬॥*
*ਯਾ ਬਿਧਿ ਸ੍ਰੀ ਗਿਰੰਥ ਸਿਰ ਨਯਾਈ।*
*ਕਰ ਅਰਦਾਸ ਪ੍ਰੇਮ ਜੁਤ ਭਾਈ।*
*ਦਾਮ ਅਨੰਤ ਜੋ ਦਏ ਰਬਾਬੀ।*
*ਮਾਨੋ ਚੜੀ ਗ੍ਰੰਥ ਬਚ ਆਬੀ॥੧੩੭॥ ਅੰਗ - ੨੮੭*

ਇਥੇ ਇਹ ਦੱਸ ਦੇਣਾ ਜ਼ਰੂਰੀ ਜਾਪਦਾ ਹੈ ਕਿ ਕੋਇਰ ਸਿੰਘ ਜੀ ਨੇ ਇਹ ਗੁਰ-ਬਿਲਾਸ ਭਾਈ ਮਨੀ ਸਿੰਘ ਜੀ ਸ਼ਹੀਦ ਪਾਸੋਂ ਸੁਣ ਸੁਣ ਕੇ ਲਿਖਿਆ ਹੈ ਜੋ ਇਸ ਹੁਕਮ ਦੀ ਪ੍ਰਮਾਣੀਕਤਾ ਦਾ ਅਕੱਟ ਸਬੂਤ ਹੈ।

ਬੰਸਾਵਲੀ-ਨਾਮਾ ਦਸ ਪਾਤਸ਼ਾਹੀਆਂ ਕਾ ਭਾਈ ਕੇਸਰ ਸਿੰਘ ਛਿੱਬਰ ਨੇ ਸੰਮਤ ੧੮੨੬ (ਸੰਨ ੧੭੬੯-੭੦) ਵਿਚ ਲਿਖਿਆ ਹੈ। ਗੁਰੂ ਸਾਹਿਬ ਦੇ ਅੰਤਮ ਸਮੇਂ ਦਾ ਜ਼ਿਕਰ ਕਰਦੇ ਹੋਏ ਕੇਸਰ ਸਿੰਘ ਜੀ ਲਿਖਦੇ ਹਨ :

*ਗਰੀਬ ਨਿਵਾਜ, ਸਿਖ ਸੰਗਤਿ ਹੈ ਤੇਰੀ,*
*ਇਸ ਦਾ ਕੀ ਹਵਾਲ।*
*ਬਚਨ ਕੀਤਾ, ਗ੍ਰੰਥ ਹੈ ਗੁਰੂ,*
*ਲੜ ਪਕੜੋ ਅਕਾਲ॥੬੫੦॥ (ਚਰਨ ਦਸਵਾਂ)*
*ਸੁਨੋ ਵੇ ਭਾਈ ਸਿਖੋ*
*ਐਸਾ ਸੰਤ ਬਾਬਾ ਨਾਨਕ ਪਛਾਨੋ।*
*ਦਸੇ ਮਹਲ ਬਾਬਾ ਨਾਨਕ ਜੀ ਜਾਨੋ।*
*ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ*
*ਅਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ,*
*ਸੋਈ ਗਿਆ ਜੋ ਗ੍ਰੰਥੋਂ ਗਿਆ॥੨੨੦॥*
*ਆਜ ਕੇ ਸਮੇਂ ਗ੍ਰੰਥ ਸਾਹਿਬ ਹੈ ਗੁਰੂ ਹਮਾਰਾ।*
*ਆਗੇ ਸਾਹਿਬ ਦਸਵਾਂ ਪਾਤਸਾਹ*
*ਲਾਇ ਬੈਠਾ ਦਰਬਾਰਾ।*
*ਜੋ ਸ਼ੰਕਾ ਹੋਤਾ ਸਭ ਪੂਛ ਲੇਤੇ।*
*ਅਬ ਤਿਨ ਕੇ ਆਸਨ*
*ਗੁਰੂ ਗ੍ਰੰਥ ਜੀ ਉਤਰ ਹੈਂ ਦੇਤੇ॥੩੩੦॥*
*ਗ੍ਰੰਥ ਬਚਨ ਏਹੁ ਸਚੁ ਕਰਿ ਜਾਨੋ।*
*ਬਿਨਾ ਗ੍ਰੰਥ ਗੁਰੂ ਹੋਰ ਨਾ ਮਾਨੋ।*
*ਅਤੇ ਜੋ ਗ੍ਰੰਥ ਗੁਰੂ ਤੋ ਮੂਹੁ ਫੇਰੋਗੇ।*
*ਤਾਂ ਏਹ ਜੂਨਾਂ ਸਭ ਜਨਮੁ ਪਾਇ*
*ਪਾਇ ਕੇ ਹੋਰੋਗੇ॥੩੦੭॥ (ਚਰਨ ਚੌਧਵਾਂ)*

ਭਾਈ ਕੇਸਰ ਸਿੰਘ ਜੀ ਇਹ ਭੀ ਦੱਸਦੇ ਹਨ ਕਿ ਉਨ੍ਹਾਂ ਆਪਣੇ ਇਸ ਬੰਸਾਵਲੀ-ਨਾਮੇ ਦੀ ਰਚਨਾ ਲਈ ਗੁਰੂ ਘਰ ਦੀਆਂ ਵਹੀਆਂ ਤੋਂ ਭੀ ਮਸਾਲਾ ਲਿਆ ਹੈ।

ਬਾਵਾ ਸਰੂਪ ਦਾਸ ਜੀ ਗੁਰੂ ਅਮਰਦਾਸ ਜੀ ਦੇ ਬੰਸਜ ਸਨ। ਉਨ੍ਹਾਂ ਨੇ, ਬਾਬਾ ਸੁਮੇਰ ਸਿੰਘ ਜੀ ਦੇ ਕਥਨਾਨੁਸਾਰ, ਆਪਣੀ ਪੁਸਤਕ ਮਹਿਮਾ-ਪ੍ਰਕਾਸ਼' ਸੰਨ ੧੭੭੪ ਵਿਚ ਰਚੀ ਸੀ, ਉਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਸੰਬੰਧੀ ਇਸ ਤਰ੍ਹਾਂ ਆਇਆ ਹੈ :

*ਤਬ ਸਿਖਾ ਨੇ ਪੂਛਾ ਜੇ ਅਬ ਦਰਸ਼ਨ ਕਹਾ ਕਰਹਿ॥*

ਸਤਿਗੁਰ ਦੀਨ ਦਿਆਲ ਬਚਨ ਕੀਤਾ। ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਾਗਗਾ ਗੁਰ ਗਰੰਥ ਸਾਹਿਬ ਕੋ ਜਾਨਨਾ ਜਿਨ ਨੇ ਮੇਰੇ ਸੋ ਬਾਤ ਕਰਨੀ ਹੋਇ ਤੇ ਆਦਿ ਗਿਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੋ ਬਾਤਾ ਹੋਵੇਗੀ।...... (ਪੰਨਾ ੮੯੨-੯੩)

ਅਠਾਰ੍ਹਵੀਂ ਦੇ ਅੱਧ ਵਿੱਚ ਉਮਦਾਤੂ-ਤਵਾਰੀਖ ਦੇ ਲੇਖਕ ਮੁਨਸ਼ੀ ਸੋਹਨ ਲਾਲ ਸੂਰੀ ਦੇ ਬਜ਼ੁਰਗਾਂ ਮੁਨਸੀ ਗਣਪਤ ਰਾਇ ਅਤੇ ਹਕੂਮਤ ਰਾਇ ਨੇ ਇਹ ਪੁਸਤਕ ਚੜ੍ਹਤ ਸਿੰਘ ਦੇ ਵੇਲੇ ਲਿਖਣੀ ਆਰੰਭ ਕੀਤੀ ਸੀ। ਇਸ ਦੀ ਪਹਿਲੀ ਜਿਲਦ ਦਫ਼ਤਰ ਅੱਵਲ ਦੇ ਪੰਨਾ ੬੫-੬੫ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਦਾ ਜ਼ਿਕਰ ਹੈ, ਜਿਸ ਵਿਚ ਲਿਖਿਆ ਹੋਇਆ ਹੈ ਕਿ ਇਸ ਵੇਲੇ ਇਕ ਸਿੱਖ ਨੇ ਬੇਨਤੀ ਕੀਤੀ ਕਿ ਹਜ਼ੂਰ ਨੇ ਕਿਸ ਨੂੰ (ਕੁਦਾਮ ਕਸ ਰਾ) ਫੁਰਮਾਇਆ ਕਿ :-

ਗੁਰੂ ਗ੍ਰੰਥ ਜੀ ਅਸਲ। ਦਰਮਿਆਨ ਗ੍ਰੰਥ ਵਾ ਗੁਰੂ ਹੀਚ ਫ਼ਰਕੇ ਨੀਸਤ। ਅਜ਼ ਦੀਦਾਰਿ ਗ੍ਰੰਥ ਜੀ ਮੁਸ਼ਹਿਦਾਇ ਦੀਦਾਰਿ ਫ਼ਰਹਤ ਆਮਾਰਿ ਗੁਰੂ ਸਾਹਿਬ ਬਾਇਦ ਨਮੂਦ।

ਅਰਥਾਤ-ਗੁਰੂ ਗ੍ਰੰਥ ਜੀ ਹਨ। ਗ੍ਰੰਥ ਅਤੇ ਗੁਰੂ ਦੇ ਵਿਚਕਾਰ ਕੋਈ ਫ਼ਰਕ ਨਹੀਂ ਹੈ। ਗ੍ਰੰਥ ਜੀ ਦੇ ਦਰਸ਼ਨਾਂ ਤੋਂ ਗੁਰੂ ਸਾਹਿਬ ਦੇ ਖੁਸ਼ੀਆਂ-ਭਰਪੂਰ ਦਰਸ਼ਨ ਹੋਣਗੇ।

ਇਸੇ ਤਰ੍ਹਾਂ ਅਠ੍ਹਾਰਵੀਂ ਸਦੀ ਵਿੱਚ ਆਰੰਭ ਅਤੇ ਸੰਨ

੧੯੧੦ ਵਿੱਚ ਮੁਕੰਮਲ ਕੀਤੀ ਤਾਰੀਖਿ-ਲਹਿਰੂਲ-ਮੱਵਾਜ ਦੇ ਪਹਿਲੇ ਹਿੱਸੇ ਅਤੇ ਤਾਰੀਖਿ ਮੁਜ਼ੱਫ਼ਰੀ ਦੇ ਪੰਨਾ ੨੦੮ ਪਰ ਲਿਖਿਆ ਹੋਇਆ ਹੈ :

ਬਾਦ ਅੱਜ ਓ ਬ-ਇਹਤਕਾਦਿ ਈਂ ਜਮਾਇ ਇਤਲਾਕਿ ਗੁਰੂ ਵਾ ਕਰਾਮਾਤਿ ਬਾਤਨੀ ਬਕਖ਼ਸਤ, ਵਾ ਗ੍ਰੰਥ ਮਜ਼ਦੂਰ ਬ-ਜਾਇ ਗੁਰੂ ਮੁਕੱਰਰ ਸ਼ੁਦਾ।

ਅਰਥਾਤ-ਉਨ੍ਹਾਂ (ਗੁਰੂ ਗੋਬਿੰਦ ਸਿੰਘ) ਤੋਂ ਬਾਅਦ ਇਸ (ਸਿੱਖ) ਜਮਾਤ ਦੇ ਯਕੀਨ ਅਨੁਸਾਰ ਗੁਰੂ ਨਿਯਤ ਕਰਨਾ ਅਤੇ ਮਨੁੱਖੀ ਕਰਾਮਾਤ ਸਮਾਪਤ ਹੋ ਗਈ ਹੈ ਅਤੇ ਗ੍ਰੰਥ ਜੀ ਗੁਰੂ ਦੇ ਥਾਂ ਤੇ ਨਿਯਤ ਹੋਏ ਹਨ।

ਇਸ ਤਰ੍ਹਾਂ ਹੀ ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਪੁਸਤਕਾਂ ਦੇ ਹੋਰ ਅਨੇਕਾਂ ਹਵਾਲੇ ਪੇਸ਼ ਕੀਤੇ ਜਾ ਸਕਦੇ ਹਨ। ਪਰ ਇਥੇ ਕੇਵਲ ਸਮਕਾਲੀ ਅਤੇ ਅਠਾਰਵੀਂ ਸਦੀ ਦੀਆਂ ਲਿਖਤਾਂ ਦੇ ਹਵਾਲੇ ਦੇਣੇ ਹੀ ਕਾਫ਼ੀ ਹਨ ਜੋ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿਤੇ ਜਾਣ ਦੀ ਹੀ ਸਦੀ ਹੈ। ਇਸ ੯੦-੧੦੦ ਸਾਲ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਸੰਬੰਧੀ ਕੋਈ ਸ਼ੱਕ ਅਤੇ ਕਿਸੇ ਮਨੁੱਖ ਦੇ ਉਨ੍ਹਾਂ ਦੀ ਥਾਂ ਗੁਰੂ ਮੁਕੱਰਰ ਕੀਤੇ ਜਾਣ ਦਾ ਜ਼ਿਕਰ ਦਰਜ ਨਹੀਂ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਦਿਹਾਂਤ ਅਤੇ ਉਨ੍ਹਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੇ ਜਾਣ ਦਾ ਵਾਕਿਆ ਨਿਸਚਿਤ ਅਤੇ ਅਟੱਲ ਇਤਿਹਾਸਕ ਸੱਚਾਈਆਂ ਹਨ।

# ਚਾਹ, ਇੱਕ ਮਿੱਠਾ ਜ਼ਹਿਰ

ਅੱਜ ਕਲ੍ਹ ਜ਼ਿਆਦਾਤਰ ਘਰਾਂ ਵਿੱਚ ਅਤੇ ਹੋਰ ਸਾਰੀਆਂ ਥਾਵਾਂ ਤੇ ਬੜੇ ਮਾਣ ਨਾਲ ਸਭ ਤੋਂ ਵੱਧ ਪੇਸ਼ ਕੀਤੀ ਜਾਣ ਵਾਲੀ ਚੀਜ਼ 'ਚਾਹ' ਆਪਣੇ ਆਪ ਵਿੱਚ ਮਨੁੱਖੀ ਸਰੀਰ ਨੂੰ ਕਿੰਨੀ ਕੁ ਨੁਕਸਾਨਦੇਹ ਹੈ, ਇਹ ਚਾਹ ਵਿੱਚ ਸ਼ਾਮਲ ਹੇਠ ਲਿਖੇ ੧੦ ਰਸਾਇਣਾਂ ਤੋਂ ਪੈਦਾ ਹੋਣ ਵਾਲੇ ਸਰੀਰਕ ਰੋਗਾਂ ਨੂੰ ਪੜ੍ਹ ਕੇ ਭਲੀ ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ :-

ਟੈਨਿਨ :- ਚਾਹ ਵਿੱਚ ੧੮ ਪ੍ਰਤੀਸ਼ਤ ਭਾਗ ਟੈਨਿਨ ਹੁੰਦੀ ਹੈ। ਇਹ ਪੇਟ ਵਿੱਚ ਜ਼ਖਮ ਅਤੇ ਗੈਸ ਪੈਦਾ ਕਰਨ ਦਾ ਕੰਮ ਕਰਦੀ ਹੈ।

੨. ਕੈਫੀਨ :- ਚਾਹ ਵਿੱਚ ੨.੭੫ ਪ੍ਰਤੀਸ਼ਤ ਕੈਫ਼ੀਨ ਹੁੰਦੀ ਹੈ। ਇਹਦੇ ਨਾਲ ਤੇਜ਼ਾਬ ਪੈਦਾ ਹੁੰਦਾ ਹੈ ਜੋ ਗੁਰਦੇ ਕਮਜ਼ੋਰ ਕਰਦਾ ਹੈ। ਇਹ ਸਿਰਦਰਦ, ਗੱਠੀਆ ਅਤੇ ਉਨੀਂਦਰਾ ਰੋਗ ਪੈਦਾ ਕਰਦੀ ਹੈ।

੩. ਥੀਨ :- ਚਾਹ ਵਿੱਚ ੩ ਪ੍ਰਤੀਸ਼ਤ ਥੀਨ ਹੁੰਦਾ ਹੈ ਜੋ ਸਰੀਰ ਵਿੱਚ ਖੁਸ਼ਕੀ, ਫੇਫੜਿਆਂ ਅਤੇ ਦਿਮਾਗ ਵਿੱਚ ਭਾਰੀਪਨ ਪੈਦਾ ਕਰਦਾ ਹੈ।

੪. ਵੋਲੇਟਾਈਲ :-ਇਹ ਤੱਤ ਅੱਖਾਂ ਲਈ ਹਾਨੀਕਾਰਕ ਹੈ।

੫. ਕਾਰਬੋਲਿਕ ਐਸਿਡ :- ਇਹਦੇ ਨਾਲ ਐਸਿਡੀਟੀ ਹੋ ਜਾਂਦੀ ਹੈ, ਬੁਢਾਪਾ ਜਲਦੀ ਆਉਂਦਾ ਹੈ।

੬. ਪੈਮੀਨ :- ਚਾਹ ਵਿੱਚ ਸ਼ਾਮਲ ਪੈਮੀਨ ਨਾਂ ਦਾ ਤੱਤ ਪਾਚਨ ਸ਼ਕਤੀ ਘੱਟ ਕਰਦਾ ਹੈ।

੭. ਐਰੋਮੈਲਿਕ :- ਇਹ ਤੱਤ ਅੰਤੜੀਆਂ ਵਿੱਚ ਖੁਸ਼ਕੀ ਪੈਦਾ ਕਰਦਾ ਹੈ।

੮. ਸਾਈਨੋਜੇਨ :- ਲਕਵਾ ਅਤੇ ਉਨੀਂਦਰਾ ਰੋਗ ਦਾ ਕਾਰਨ ਬਣਦਾ ਹੈ।

੯. ਐਕਜੋਲਿਕ ਐਸਿਡ :- ਇਹ ਜ਼ਹਿਰੀਲਾ ਤੱਤ ਪਿਸ਼ਾਬ ਜਾਂ ਪਸੀਨੇ ਰਾਹੀਂ ਇੱਕ ਦਿਨ ਵਿੱਚ ਜਿੰਨਾਂ ਸਰੀਰ ਵਿਚੋਂ ਬਾਹਰ ਨਿਕਲਦਾ ਹੈ ਇਕ ਕੱਪ ਚਾਹ ਨਾਲ ਉਸਤੋਂ ਚਾਰ ਗੁਣਾ ਸਰੀਰ ਦੇ ਅੰਦਰ ਚਲਾ ਜਾਂਦਾ ਹੈ।

੧੦. ਸਿਟਨਾਇਲ :- ਇਹ ਤੱਤ ਸਰੀਰ ਵਿੱਚ ਖੂਨ ਰੋਗ ਅਤੇ ਨਾਮਰਦੀ ਪੈਦਾ ਕਰਦਾ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ - ਇਕ ਦਾਰਸਨਿਕ

*[ਭਾਈ ਕੁਲਦੀਪ **ਸਿੰਘ ਜੀ**]*

ਸੰਸਾਰ ਵਿੱਚ ਕਈ ਵਿਦਵਾਨ ਹੋਏ ਹਨ। ਹਰ ਵਿਦਵਾਨ ਦੀ ਆਪਣੀ ਵਿਚਾਰਧਾਰਾ, ਆਪਣੀ ਯਾਪਨਾ ਤੇ ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ। ਉਹ ਆਪਣੇ ਸਮੇਂ ਦੇ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਦਸ਼ਾ ਦਾ ਵਰਨਣ ਕਰਦਾ ਹੈ। ਉਨ੍ਹਾਂ ਹਾਲਾਤ ਦਾ ਵਿਸ਼ਲੇਸ਼ਣ ਕਰਦਾ ਹੈ ਤੇ ਫਿਰ ਕੋਈ ਨਵੀਂ ਵਿਚਾਰਧਾਰਾ ਪੇਸ਼ ਕਰਦਾ ਹੈ। ਉਹ ਆਪਣੇ ਸਮੇਂ ਦੀਆਂ ਗਲਤ ਕਦਰਾਂ ਕੀਮਤਾਂ ਦਾ ਖੰਡਨ ਕਰਦਾ ਹੈ ਤੇ ਸਮਾਜ ਨੂੰ ਨਵੀਂ ਸੇਧ ਦੇਣਾ ਚਾਹੁੰਦਾ ਹੈ।

ਸੰਸਾਰ ਵਿੱਚ ਕਈ ਫਿਲਾਸਫਰ ਹੋਏ ਹਨ। ਉਹਨਾਂ ਵਿਚੋਂ ਬਹੁਤ ਸਾਰੇ ਸੰਸਾਰ ਵਿਚ ਜਾਣੇ ਜਾਂਦੇ ਹਨ। ਜਿਵੇਂ ਪਲੈਟੋ, ਸੁਕਰਾਤ, ਅਰਸਤੂ, ਮੈਰੀਅਟ, ਵਾਲਟੀਅਰ, ਕਾਰਲ ਮਾਰਕਸ ਅਤੇ ਗਊਸ ਆਦਿ।

ਇੰਗਲੈਂਡ ਦਾ ਇਤਿਹਾਸ ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ੧੭ਵੀਂ ਤੇ ੧੯ਵੀਂ ਸਦੀ ਵਿੱਚ ਬਹੁਤ ਕ੍ਰਾਂਤੀਆਂ ਆਈਆਂ। ਸੰਨ ੧੭੮੮ ਈ: ਵਿੱਚ ਇੰਗਲੈਂਡ ਵਿੱਚ ਸ਼ਾਨਦਾਰ ਕ੍ਰਾਂਤੀ ਆਈ। ਇਹ ਚਾਰਲਸ ਪਹਿਲੇ ਤੇ ਜੇਮਜ ਦੂਜੇ ਦੀ ਡਿਕਟੇਟਰਾਨਾ ਨੀਤੀ ਦਾ ਸਿੱਟਾ ਸੀ। ਇਸ ਕ੍ਰਾਂਤੀ ਵਿੱਚ ਬਿਨਾਂ ਖੂਨ-ਖਰਾਬੇ ਜੇਮਜ ਦੂਜੇ ਦਾ ਤਖ਼ਤਾ ਪਲਟ ਦਿੱਤਾ ਗਿਆ ਤੇ ਉਸਦੀ ਥਾਂ ਵਿਲੀਅਮ ਨੂੰ ਦੇਸ਼ ਦੀ ਵਾਗ ਡੋਰ ਸੌਂਪੀ ਗਈ। ਇਸਨੂੰ ਸ਼ਾਨਦਾਰ ਕ੍ਰਾਂਤੀ ਇਸ ਲਈ ਕਿਹਾ ਗਿਆ ਕਿਉਂਕਿ ਇਹ ਬਿਨਾਂ ਖੂਨ-ਖਰਾਬੇ ਹੋ ਗਈ। ਇਸ ਕ੍ਰਾਂਤੀ ਦੀ ਰਹਿਨੁਮਾਈ ਮੈਰੀਅਟ ਨੇ ਕੀਤੀ ਸੀ।

ਉਸ ਤੋਂ ਪਿਛੋਂ ਸੰਨ ੧੭੮੯ ਈ: ਵਿੱਚ ਫਰਾਂਸ ਵਿੱਚ ਕ੍ਰਾਂਤੀ ਆਈ। ਇਹ ਫਰਾਂਸ ਦੇ ਰਾਜਾ ਲੂਈਸ ਚੌਦਵੇਂ ਦੀ ਗਲਤ ਨੀਤੀ ਦਾ ਪ੍ਰਤੀਕਰਮ ਸੀ। ਇਸ ਕ੍ਰਾਂਤੀ ਨੂੰ ਸੰਸਾਰ ਵਿੱਚ ਬਹੁਤ ਮਹੱਤਵਪੂਰਨ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਪ੍ਰਾਪਤੀ ਸਮਾਨਤਾ, ਸੁਤੰਤਰਤਾ ਤੋਂ ਭਾਈਚਾਰਾ ਸੀ। ਹਰ ਕ੍ਰਾਂਤੀ ਕਿਸੇ ਨਾ ਕਿਸੇ ਰਾਜੇ, ਹੁਕਮਰਾਨ ਜਾਂ ਡਿਕਟੇਟਰ ਦੇ ਅਨਿਆਂ ਤੇ ਅਤਿਆਚਾਰਾਂ ਦਾ ਸਿੱਟਾ ਹੁੰਦੀ ਹੈ। ਹਰ ਕ੍ਰਾਂਤੀ ਦੀ ਰਹਿਨੁਮਾਈ ਰਾਹੀਂ ਕੋਈ ਨਾ ਕੋਈ ਨਵੀਂ ਵਿਚਾਰਧਾਰਾ ਪੇਸ਼ ਹੁੰਦੀ ਹੈ। ਇਸ ਤੋਂ ਪਿਛੋਂ ਸੰਸਾਰ ਵਿੱਚ ਰੂਸੀ ਕ੍ਰਾਂਤੀ ਆਈ। ਇਹ ਜਾਰ ਦੇ ਵਹਿਸ਼ੀਆਨਾ ਜ਼ੁਲਮਾਂ ਤੇ ਅਤਿਆਚਾਰਾਂ ਦਾ ਪ੍ਰਤੀਕਰਮ ਸੀ। ਇਸਦੀ ਮੁੱਖ ਵਿਚਾਰਧਾਰਾ ਸਮਾਜਵਾਦ ਸੀ। ਇਸਦੀ ਰਹਿਨੁਮਾਈ ਲੇਨਿਨ ਨੇ ਕੀਤੀ। ਭਾਵੇਂ ਇਹ ਵਿਚਾਰਧਾਰਾ ਕਾਰਲ ਮਾਰਕਸ ਦੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਹੁਤ ਸਾਰੇ ਇਤਿਹਾਸਕਾਰਾਂ ਨੇ ਸਮਾਜ ਸੁਧਾਰਕ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਸਮਾਜ ਸੁਧਾਰਕ ਹਮੇਸ਼ਾਂ ਪ੍ਰਚੱਲਤ ਰਸਮ-ਰਿਵਾਜ ਜਾਂ ਕਦਰਾਂ-ਕੀਮਤਾਂ ਵਿੱਚ ਥੋੜਾ ਫੇਰ-ਬਦਲ ਕਰਦਾ ਹੈ ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੋਲ ਆਪਣੀ ਵਿਚਾਰਧਾਰਾ ਪੇਸ਼ ਕੀਤੀ ਹੈ।

ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਪਿਛੋਕੜ ਵੇਖਣਾ ਹੈ। ਬਾਬਰ ਦੇ ਹਮਲੇ ਤੋਂ ਪਹਿਲਾਂ ਭਾਰਤ ਵਿੱਚ ਲੋਧੀ ਵੰਸ਼ ਦਾ ਰਾਜ ਸੀ। ਇਲਾਊਦੀਨ ਲੋਧੀ ਤੇ ਬਾਬਰ ਦੀ ਲੜਾਈ ੧੫੨੬ ਈ: ਵਿੱਚ ਹੋਈ। ਇਲਾਊਦੀਨ ਹਾਰ ਖਾ ਕੇ ਭੱਜ ਗਿਆ। ਫਲਸਰੂਪ ਭਾਰਤ ਵਿੱਚ ਕੋਈ ਹਕੂਮਤ ਨਹੀਂ ਸੀ। ਲੋਧੀ ਵੰਸ਼ ਦੇ ਰਾਜੇ ਬਹੁਤ ਅਤਿਆਚਾਰੀ ਸਨ। ਇਸ ਲਈ ਪਰਜਾ ਨੇ ਉਸ ਦਾ ਸਾਥ ਨਹੀਂ ਦਿੱਤਾ। ਲੋਧੀ ਵੰਸ਼ ਦੇ ਅਹਿਲਕਾਰ ਤੇ ਰਜਵਾੜੇ ਜਬਰਨ ਹਿੰਦੂਆਂ ਦੀਆਂ ਧੀਆਂ ਅਗਵਾ ਕਰਕੇ ਲੈ ਜਾਂਦੇ ਸਨ।

ਸੰਨ ੧੫੨੨ ਈ: ਵਿੱਚ ਬਾਬਰ ਨੇ ਐਮਨਾਬਾਦ ਤੇ ਹਮਲਾ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸਮੇਂ ਐਮਨਾਬਾਦ ਵਿੱਚ ਸਨ। ਉਨ੍ਹਾਂ ਨੇ ਬਾਬਰ ਦੇ ਹਮਲੇ ਤੋਂ ਪ੍ਰਭਾਵਿਤ ਲੋਕਾਂ ਦੀ ਦਸ਼ਾ ਵੇਖੀ। ਐਮਨਾਬਾਦ ਵਿੱਚ ਚੌਹੀਂ ਪਾਸੀਂ ਅੱਗ ਲੱਗ ਰਹੀ ਸੀ ਤੇ ਚੀਖ-ਪੁਕਾਰ ਦੀਆਂ

ਆਵਾਜ਼ਾਂ ਆ ਰਹੀਆਂ ਸਨ। ਖ਼ੂਨ-ਖਰਾਬਾ, ਲੁੱਟ-ਮਾਰ ਅਤੇ ਕਤਲੇਆਮ ਹੋ ਰਹੀ ਸੀ। ਔਰਤਾਂ ਦੇ ਗਹਿਣੇ ਜ਼ਬਰਦਸਤੀ ਉਤਾਰੇ ਜਾ ਰਹੇ ਸਨ। ਤੇ ਉਨ੍ਹਾਂ ਦੇ ਭਰਾ-ਪਿਤਾ ਤੇ ਪਤੀ ਦੇ ਸਾਹਮਣੇ ਉਨ੍ਹਾਂ ਦੀ ਪੱਤ ਲੁੱਟੀ ਜਾ ਰਹੀ ਸੀ ਪ੍ਰੰਤੂ ਉਹ ਲਾਚਾਰ ਵੇਖੀ ਜਾਂਦੇ ਸਨ। ਸਿਰਫ਼ ਹਿੰਦੂ ਔਰਤਾਂ ਹੀ ਨਹੀਂ, ਪਠਾਨ ਔਰਤਾਂ ਦੀ ਵੀ ਪੱਤ ਲੁੱਟੀ ਜਾ ਰਹੀ ਸੀ। ਹਮਲਾਵਰ ਸ਼ਾਹੀ ਹਰਮਾ ਵਿੱਚ ਦਾਖਲ ਹੋ ਕੇ ਬੇਗਮਾਂ ਤੇ ਦਾਸੀਆਂ ਦੀ ਪੱਤ ਵੀ ਲੁੱਟ ਰਹੇ ਸਨ। ਪ੍ਰੰਤੂ ਕੋਈ ਵੀ ਰਾਜਕੁਮਾਰ ਉਨ੍ਹਾਂ ਦੀ ਰੱਖਿਆ ਕਰਨ ਲਈ ਸਾਹਮਣੇ ਨਹੀਂ ਸੀ ਆਇਆ। ਸਭ ਭੱਜ ਗਏ ਸਨ।

ਇਸ ਖ਼ੂਨ-ਖਰਾਬੇ ਤੇ ਬਾਬਰ ਦੇ ਹਮਲੇ ਤੋਂ ਪ੍ਰਭਾਵਿਤ ਲੋਕਾਂ ਦਾ ਹਾਲ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਿਲ ਕੰਬ ਉਠਿਆ। ਆਪ ਜੀ ਤੋਂ ਰਿਹਾ ਨਾ ਗਿਆ ਤੇ ਆਪ ਜੀ ਨੇ ਬਾਬਰ ਦੀ ਸੈਨਾ ਨੂੰ ਪਾਪ ਦੀ ਜੰਝ' ਕਿਹਾ ਤੇ ਬੜੀ ਨਿਰਭੈਤਾ ਨਾਲ ਬਾਬਰ ਦੇ ਜ਼ੁਲਮ ਤੇ ਅਤਿਆਚਾਰਾਂ ਦੀ ਨਿਖੇਧੀ ਕੀਤੀ। ਆਪ ਜੀ ਨੇ ਫ਼ੁਰਮਾਇਆ :

*ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ*
*ਕੂੜੁ ਫਿਰੈ ਪਰਧਾਨੁ ਵੇ ਲਾਲੋ॥*
*ਕਾਜੀਆ ਬਾਮਣਾ ਕੀ ਗਲ ਥਕੀ*
*ਅਗਦੁ ਪੜੈ ਸੈਤਾਨੁ ਵੇ ਲਾਲੋ॥* *ਅੰਗ - ੭੨੨*

ਬਾਬਰ ਦੇ ਹਮਲੇ ਤੋਂ ਪ੍ਰਭਾਵਿਤ ਲੋਕਾਂ ਦੀ ਦਸ਼ਾ ਵੇਖ ਕੇ ਫ਼ੁਰਮਾਇਆ :

*ਖੂਨ ਕੇ ਸੋਹਿਲੇ ਗਾਵੀਅਹਿ ਨਾਨਕ*
*ਰਤੁ ਕਾ ਕੁੰਗੂ ਪਾਇ ਵੇ ਲਾਲੋ॥* *ਅੰਗ - ੭੨੩*

ਆਪ ਜੀ ਨੇ ਪ੍ਰਮਾਤਮਾ ਪਾਸ ਫ਼ਰਿਆਦ ਕੀਤੀ ਕਿ ਮੇਰੇ ਤੋਂ ਇਹਨਾਂ ਲੋਕਾਂ ਦੀ ਦਸ਼ਾ ਵੇਖੀ ਨਹੀਂ ਜਾਂਦੀ, ਪ੍ਰੰਤੂ ਮੈਂ ਹੈਰਾਨ ਹਾਂ ਕਿ ਤੂੰ ਇਹ ਜ਼ੁਲਮ ਵੇਖ ਕੇ ਚੁੱਪ ਕਿਉਂ ਹੈ? ਤੈਨੂੰ ਕੀ ਇਨ੍ਹਾਂ ਮਜ਼ਲੂਮਾਂ ਦੀ ਹਾਲਤ ਵੇਖ ਕੇ ਤਰਸ ਨਹੀਂ ਆਉਂਦਾ?

*ਏਤੀ ਮਾਰ ਪਈ ਕਰਲਾਣੇ*
*ਤੈਂ ਕੀ ਦਰਦੁ ਨਾ ਆਇਆ॥* *ਅੰਗ - ੩੬੦*

ਆਪ ਜੀ ਨੇ ਪ੍ਰਮਾਤਮਾ ਨੂੰ ਕਿਹਾ ਕਿ ਤੇਰੇ ਹੁਕਮ ਤੋਂ ਬਿਨਾਂ ਕੋਈ ਪੱਤਾ ਨਹੀਂ ਹਿਲ ਸਕਦਾ, ਫਿਰ ਆਪ ਕਿਉਂ ਜਮਦੂਤ ਵਰਗੇ ਬਾਬਰ ਨੂੰ ਭੇਜ ਦਿੱਤਾ। ਜੰਗਲ ਵਿੱਚ ਜੇ ਕੋਈ ਭੇਡ ਬੱਕਰੀਆਂ ਉਤੇ ਖ਼ੂੰ-ਖਾਰ ਸ਼ੇਰ ਹਮਲਾ ਕਰ ਦੇਵੇ ਤਾਂ ਰਾਖੇ ਦਾ ਕੰਮ ਹੁੰਦਾ ਹੈ, ਉਨ੍ਹਾਂ ਦੀ ਰੱਖਿਆ ਕਰਨਾ। ਇਹ ਭਾਰਤ ਵਾਸੀ ਭੇਡ ਬੱਕਰੀਆਂ ਵਾਂਗ ਮਾਸੂਮ ਹਨ। ਤੂੰ ਕਿਉਂ ਚੁੱਪ ਹੈਂ? ਅੱਗੇ ਲਿਖਿਆ ਹੈ ਕਿ ਜੇ ਕੋਈ ਸ਼ਕਤੀਸ਼ਾਲੀ ਬੰਦਾ ਸ਼ਕਤੀਸ਼ਾਲੀ ਵਿਅਕਤੀ ਤੇ ਹਮਲਾ ਕਰ ਦੇਵੇ ਤਾਂ ਕੋਈ ਅਫ਼ਸੋਸ ਨਹੀਂ ਹੁੰਦਾ ਪ੍ਰੰਤੂ ਜੇ ਕੋਈ ਖ਼ੂੰ-ਖਾਰ ਸ਼ੇਰ ਭੇਡ-ਬੱਕਰੀਆਂ ਉਤੇ ਹੱਲਾ ਕਰ ਦੇਵੇ ਤਾਂ ਰਾਖੇ ਦਾ ਕੰਮ ਰੱਖਿਆ ਕਰਨਾ ਹੈ। ਆਪ ਜੀ ਨੇ ਫ਼ੁਰਮਾਇਆ ਹੈ –

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥* *ਅੰਗ - ੩੬੦*

ਆਪ ਜੀ ਨੇ ਬਾਣੀ ਵਿੱਚ ਲਿਖਿਆ ਹੈ ਕਿ 'ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ'।

ਕਿਸੇ ਪਰੰਪਰਾ ਨੂੰ ਨਾ ਮੰਨਣਾ ਸੌਖੀ ਗੱਲ ਹੈ, ਪ੍ਰੰਤੂ ਕਿਸੇ ਪਰੰਪਰਾ ਨੂੰ ਬੰਦ ਕਰਕੇ ਨਵੀਂ ਪਰੰਪਰਾ ਚਲਾਣੀ ਬਹੁਤ ਮਾਅਰਕੇ ਦੀ ਗੱਲ ਹੈ। ਆਪ ਜੀ ਨੇ ਜਨੇਊ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਪ੍ਰੰਤੂ ਜਨੇਊ ਕਿਹੋ ਜਿਹਾ ਹੋਣਾ ਚਾਹੀਦਾ ਹੈ, ਲਿਖ ਦਿੱਤਾ ਹੈ। ਭਾਰਤ ਵਿੱਚ ਭੇਡ-ਚਾਲ ਤੇ ਪਾਖੰਡ ਜੋਰਾਂ ਤੇ ਸੀ। ਭਾਰਤਵਾਸੀਆਂ ਨੇ ਕਰਮ ਕਾਂਡਾਂ ਤੇ ਬਾਹਰਲੀ ਸੁਚਮ ਲਈ ਜਨੇਊ ਪਹਿਨ ਲੈਣਾ, ਤਿਲਕ ਲਗਾ ਲੈਣਾ ਤੇ ਜਪ-ਮਾਲਾ ਫੜ ਲੈਣੀ ਪ੍ਰੰਤੂ ਸਰਕਾਰੀ ਨੌਕਰੀ ਕਰਨ ਖਾਤਰ ਮੁਸਲਮਾਨੀ ਲਿਬਾਸ, ਪਠਾਣਾਂ ਤੇ ਮੁਗ਼ਲਾਂ ਦੀ ਬੋਲੀ ਫ਼ਾਰਸੀ ਬੋਲਣੀ ਤੇ ਕਚਹਿਰੀਆਂ ਵਿੱਚ ਸਲਾਮ ਕਰਦੇ ਰਹਿਣਾ। ਇਹ ਆਪਣੀ ਸੰਸਕ੍ਰਿਤੀ ਭੁੱਲ ਚੁੱਕੇ ਸਨ। ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਦੀ ਇਹ ਹਾਲਤ ਕਿਉਂ ਹੋਈ? *'ਜਿਸ ਨੋ ਆਪ ਖੁਆਏ ਕਰਤਾ ਖੁਸਿ ਲਏ ਚੰਗਿਆਈ॥ (ਅੰਗ - ੪੭)।'* ਇਹ ਕੌਮਾਂਤਰੀ ਭਾਵਨਾ ਭੁੱਲ ਗਏ ਹਨ। ਭਾਰਤਵਾਸੀ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ। ਆਪ ਜੀ ਨੇ ਉਸ ਸਮੇਂ ਦੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਦਸ਼ਾ ਦਾ ਅਧਿਐਨ ਕੀਤਾ ਤੇ ਵਿਸ਼ਲੇਸ਼ਣ ਕੀਤਾ। ਆਪ ਇਸ ਨਤੀਜੇ ਤੇ ਪਹੁੰਚੇ ਕਿ ਭਾਰਤ ਵਾਸੀ ਜ਼ਾਤ ਪਾਤ ਤੇ ਵਰਣਾਂ ਵਿੱਚ ਵੰਡੇ ਹੋਏ ਹਨ। ਖੱਤਰੀ, ਬ੍ਰਾਹਮਣ, ਵੈਸ਼ ਅਤੇ ਸ਼ੂਦਰ। ਸ਼ੂਦਰਾਂ ਨੂੰ ਉਸ ਸਮੇਂ ਬਹੁਤ ਘਿਰਣਾਂ ਕੀਤੀ ਜਾਂਦੀ ਸੀ। ਉਹਨਾਂ ਤੋਂ ਸਫ਼ਾਈ ਕਰਵਾਉਣਾ, ਪਸ਼ੂਆਂ ਦੀ ਖੱਲ ਉਤਾਰਨਾ, ਜੁੱਤੀਆਂ ਬਣਾਉਣਾ, ਕੱਪੜਾ ਬੁਨਣਾ ਆਦਿ ਕਈ ਕੰਮ ਲਏ ਜਾਂਦੇ ਸਨ। ਇਸ ਤੋਂ ਇਲਾਵਾ ਉਹਨਾ ਨੂੰ ਨਗਰਾਂ ਵਿਚੋਂ ਬਾਹਰ ਰੱਖਣਾ, ਉਹ ਕਿਸੇ ਉਚੀ ਜਾਤ ਵਾਲੇ ਨਾਲ ਛੂਹ ਨਹੀਂ ਸੀ ਸਕਦਾ, ਮੰਦਰ ਨਹੀਂ ਸੀ ਜਾ ਸਕਦਾ, ਵੇਦਾਂ ਸ਼ਾਸਤਰਾਂ ਦੇ ਮੰਤਰ ਨਹੀਂ ਸੀ ਸੁਣ ਸਕਦਾ। ਇਥੋਂ ਤੱਕ ਕਿ ਰਾਹ ਚਲਦਿਆਂ ਜੇ ਕੋਈ ਉਚੀ ਕੁਲ ਵਾਲਾ ਅੱਗੋਂ ਆ ਰਿਹਾ ਹੋਵੇ ਤਾਂ ਆਪਣੀਆਂ ਜੁੱਤੀਆਂ ਸਿਰ ਉਤੇ

ਰੱਖ ਲੈਣਾ, ਉਚੀ ਕੁਲ ਵਾਲੇ ਦੇ ਖੂਹ ਨਹੀਂ ਸੀ ਚੜ੍ਹ ਸਕਦਾ।

ਇਸੇ ਪ੍ਰਕਾਰ ਇਸਤ੍ਰੀ ਜਾਤੀ ਜੋ ਸਮਾਜ ਦਾ ਮੁੱਖ ਅੰਗ ਹੁੰਦਾ ਹੈ, ਉਸਨੂੰ ਕਲੰਕਣੀ, ਬਾਘਣ, ਸਰਪਣੀ ਆਦਿ ਕਿਹਾ ਜਾਂਦਾ ਸੀ। ਗੋਰਖ ਨਾਥ ਨੇ ਇਸਤ੍ਰੀ ਨੂੰ ਬਾਘਣ, ਜੈਨ ਧਰਮ ਵਿੱਚ ਸਰਪਣੀ ਜਾਂ ਕਲੰਕਣੀ ਕਿਹਾ ਜਾਂਦਾ ਸੀ।

ਤੁਲਸੀ ਦਾਸ ਜੀ ਨੇ ਕਮਾਲ ਕਰ ਦਿੱਤੀ, ਇਸਨੂੰ ਪਸ਼ੂ, ਸ਼ੂਦਰ, ਤੇ ਗਵਾਰ ਨਾਲ ਤੁਲਨਾ ਕੀਤੀ। ਮਹਾਤਮਾ ਬੁੱਧ ਨੇ ਆਪਣੇ ਮੁੱਖ ਚੇਲੇ ਆਨੰਦ ਨੂੰ ਹੁਕਮ ਦਿੱਤਾ ਸੀ ਕਿ ਇਸਤ੍ਰੀ ਜਾਤ ਨੂੰ ਆਪਣੇ ਸੰਗਠਨ ਵਿੱਚ ਸ਼ਾਮਿਲ ਨਹੀਂ ਕਰਨਾ ਵਰਨਾ ਸੰਗਠਨ ਬਹੁਤ ਦੇਰ ਨਹੀਂ ਚਲੇਗਾ।

ਹੋਰ ਤਾਂ ਹੋਰ ਈਸਾਈ ਧਰਮ ਜੋ ਅਗਾਂਹ-ਵਧੂ ਮੰਨਿਆ ਜਾਂਦਾ ਹੈ, Goethe ਇਕ ਯੋਰਪੀਅਨ ਫ਼ਿਲਾਸਫ਼ਰ ਸੀ, ਉਹ ਕਹਿੰਦਾ ਹੈ ਇਸਤ੍ਰੀ ਵਿੱਚ ਰੂਹ ਨਹੀਂ ਹੁੰਦੀ। ਸ਼ੈਕਸਪੀਅਰ ਇਸਤ੍ਰੀ ਨੂੰ ਮਨੁੱਖ ਦੀ ਕਮਜ਼ੋਰੀ ਕਹਿੰਦਾ ਹੈ। ਇਸਲਾਮ ਧਰਮ ਵਿੱਚ ਔਰਤ ਨੂੰ ਚਾਰ ਦੀਵਾਰੀ ਵਿੱਚ ਕੈਦ ਕਰਕੇ ਰੱਖਣ ਅਤੇ ਜਦੋਂ ਬਾਹਰ ਜਾਵੇ ਤਾਂ ਪਰਦਾ ਕਰਕੇ ਰੱਖਣ ਦਾ ਆਦੇਸ਼ ਹੈ।

ਅਜਿਹੀ ਪਿੱਠ-ਭੂਮੀ ਵਿੱਚ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਦੇ ਸਮਾਜ ਵਿੱਚ ਇਹ ਐਲਾਨ ਕਰਨਾ ਕਿ '*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*'' ਕਿੰਨੀ ਜੁਰਅਤ, ਕਿੰਨੀ ਦਲੇਰੀ ਅਤੇ ਵੰਗਾਰ ਵਾਲੀ ਗੱਲ ਸੀ।

ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਜਾਣਦੇ ਸਨ ਕਿ ਜਦੋਂ ਤੱਕ ਸਮਾਜ ਦਾ ਹਰ ਅੰਗ, ਹਰ ਵਰਗ ਨੂੰ ਬਰਾਬਰ ਅਵਸਰ, ਬਰਾਬਰ ਹੱਕ ਨਹੀਂ ਮਿਲਦਾ ਤਦ ਤੱਕ ਸਮਾਜ ਵਿੱਚ ਝਗੜੇ ਲੜਾਈਆਂ ਸਮਾਪਤ ਨਹੀਂ ਹੋ ਸਕਦੇ ਤੇ ਜੇ ਲੋਕ ਆਪਸ ਵਿੱਚ ਲੜਦੇ ਰਹਿਣਗੇ ਤੇ ਬਾਹਰਲੀਆਂ ਤਾਕਤਾਂ ਦਾ ਮੁਕਾਬਲਾ ਕਿਵੇਂ ਕਰਨਗੇ?

ਭਾਰਤੀ ਸਮਾਜ ਜ਼ਾਤ-ਪਾਤ ਵਿੱਚ ਵੰਡਿਆ ਹੋਇਆ ਸੀ। ਇਕ ਦੂਜੇ ਨੂੰ ਬਹੁਤ ਘਿਰਣਾ ਕਰਦੇ ਸਨ, ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਸਨ। ਇਸੇ ਲਈ ਲੁਟੇਰੇ ਭਾਰਤ ਉੱਤੇ ਹਮਲਾ ਕਰਦੇ ਅਤੇ ਲੁੱਟ-ਮਾਰ ਕਰ ਕੇ ਚਲੇ ਜਾਂਦੇ। ਭਾਰਤੀ ਸੁੰਦਰ. ਜੋਬਨ-ਮੱਤੀਆਂ ਉਠਾ ਕੇ ਲੈ ਜਾਂਦੇ ਪ੍ਰੰਤੂ ਭਰਾ, ਮਾਤਾ-ਪਿਤਾ ਅਤੇ ਪਤੀ ਵੇਖਦੇ ਰਹਿ ਜਾਂਦੇਂ। ਮੁਹੰਮਦ ਗਜਨਵੀ ਨੇ ੧੭ ਹਮਲੇ ਕੀਤੇ ਤੇ ਮੁਹੰਮਦ ਗੋਰੀ ਨੇ ਛੇ ਹਮਲੇ ਕੀਤੇ। ਹਿੰਦੂ ਮੰਦਰ ਗਿਰਾਏ ਤੇ ਲੁੱਟ-ਮਾਰ ਕੀਤੀ ਤੇ ਚਲੇ ਗਏ ਪ੍ਰੰਤੂ ਕਿਸੇ ਰਾਜੇ ਨੇ ਉਨ੍ਹਾਂ ਦੇ ਦੰਦ ਖੱਟੇ ਨਹੀਂ ਕੀਤੇ ਹੋਰ ਤਾਂ ਹੋਰ ਕਿਸੇ ਮੁਕਾਬਲਾ ਤੱਕ ਨਹੀਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਕਿ ਭਾਰਤੀ ਲੋਕਾਂ ਵਿੱਚ ਸ੍ਵੈ-ਮਾਨ, ਕੌਮਾਂਤਰੀ ਭਾਵਨਾ, ਸ੍ਵੈ-ਵਿਸ਼ਵਾਸ ਨਹੀਂ ਸੀ। ਆਪ ਜੀ ਨੇ ਚਿੰਤਨ ਕੀਤਾ ਤੇ ਅਨੁਭਵ ਕੀਤਾ ਕਿ ਜਦੋਂ ਤੱਕ ਭਾਰਤ ਦੇ ਹਰ ਵਰਗ, ਹਰ ਵਰਣ, ਹਰ ਜ਼ਾਤ ਹਰ ਧਰਮ ਨੂੰ ਆਜ਼ਾਦੀ, ਬਰਾਬਰ ਹੱਕ ਤੇ ਸਨਮਾਨ ਨਹੀਂ ਦਿੱਤਾ ਜਾਂਦਾ, ਸਮਾਜ ਸ਼ਕਤੀਸ਼ਾਲੀ ਨਹੀਂ ਬਣ ਸਕਦਾ।

ਆਪ ਜੀ ਨੇ ਪ੍ਰਚੱਲਤ ਰਸਮੋ-ਰਿਵਾਜ ਜਿਵੇਂ ਜਨੇਊ, ਸੂਤਕ, ਤਿਲਕ, ਜਮਾਲਾ ਆਦਿ ਵਿਖਾਵੇ ਦੇ ਚਿੰਨ੍ਹਾਂ ਦੀ ਨਿਖੇਧੀ ਕੀਤੀ ਤੇ ਦਇਆ, ਸਬਰ, ਸੰਤੋਖ ਖਿਮਾ, ਜਾਤ ਤੇ ਸੱਤ ਤੇ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਦਸਿਆ ਕਿ ਬਾਹਰਲੀ ਸੁੱਚਮਤਾ ਤੇ ਪਾਖੰਡ ਨਾਲ ਪ੍ਰਮਾਤਮਾ ਨਹੀਂ ਮਿਲਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਜਿਸ ਵਿੱਚ ਰਾਜਸੀ ਤੇ ਆਰਥਕ ਬਰਾਬਰੀ ਹੋਵੇ। ਸਮਾਜ ਦਾ ਹਰ ਵਰਗ ਸਨਮਾਨ ਨਾਲ ਰਹਿ ਸਕੇ। ਹਰ ਬੰਦੇ ਨੂੰ ਚੰਗੇ ਰਹਿਣ-ਸਹਿਣ ਦਾ ਹੱਕ ਹੋਵੇ। ਸਭ ਨੂੰ ਬਰਾਬਰ ਉਨਤੀ ਦੇ ਅਵਸਰ ਮਿਲਣ।

ਗੁਰੂ ਜੀ ਅਨੁਸਾਰ ਸਭ ਮਨੁੱਖ ਬਰਾਬਰ ਹਨ ਕਿਉਂਕਿ ਉਹ ਇਕੋ ਈਸ਼ਵਰ ਦੀ ਸੰਤਾਨ ਹਨ। ਆਪ ਜੀ ਨੇ ਨੀਵੀਂਆਂ ਤੇ ਦੱਬੀਆਂ ਸ਼੍ਰੇਣੀਆਂ ਨੂੰ ਉੱਚਾ ਸਥਾਨ ਤੇ ਬਰਾਬਰੀ ਦਾ ਦਰਜਾ ਦਿੱਤਾ। ਆਪ ਜੀ ਨੇ ਜਪੁਜੀ ਸਾਹਿਬ ਵਿੱਚ ਫੁਰਮਾਇਆ ਹੈ:

***ਗੁਰਾ ਇਕ ਦੇਹਿ ਬੁਝਾਈ॥***
***ਸਭਨਾ ਜੀਆ ਕਾ ਇਕੁ ਦਾਤਾ***
***ਸੋ ਮੈ ਵਿਸਰਿ ਨ ਜਾਈ॥੫॥*** ***ਅੰਗ - ੨***

ਆਪ ਜੀ ਦੀ ਮੁੱਖ ਵਿਚਾਰਧਾਰਾ ਇਹ ਸੀ ਕਿ ਸਭ ਮਨੁੱਖ ਈਸ਼ਵਰ ਦੀ ਸੰਤਾਨ ਹਨ। ਆਪ ਜੀ ਨੇ ਕਈ ਥਾਂ ਪ੍ਰਭੂ ਦੇ ਸੂਖਮ ਰੂਪ ਬਾਰੇ ਵਰਨਣ ਕੀਤਾ ਹੈ -

***ਸੂਖਮ ਮੂਰਤ ਨਾਮ ਨਿਰੰਜਨ ਕਾਇਆ ਕਾ ਆਕਾਰੁ॥***

ਪ੍ਰਭੂ ਦੇ ਦਰਸ਼ਨ ਮਨੁੱਖ ਦੀ ਹੀ ਕਾਇਆ ਵਿੱਚ ਹੋ ਸਕਦੇ ਹਨ। ਹਰ ਮਨੁੱਖ ਵਿੱਚ ਪ੍ਰਭੂ ਦੀ ਜੋਤਿ ਹੈ। ਆਪ ਜੀ ਨੇ ਆਰਤੀ ਵਿੱਚ ਈਸ਼ਵਰ ਦੀ ਹੋਂਦ ਬਾਰੇ ਲਿਖਿਆ ਹੈ -

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***

***(ਬਾਕੀ ਪੰਨਾ 29 'ਤੇ)***

# ਗੁਰਸਿਖਾ ਕੈ ਮਨਿ ਭਾਵਦੀ
# ਗੁਰ ਸਤਿਗੁਰ ਕੀ ਵਡਿਆਈ

*[ਭਾਈ ਰਾਮ ਸਿੰਘ ਜੀ]*

(੧) ਗੁਰੂ ਨਾਨਕ ਸਾਹਿਬ ਜੀ ਦਾ ਜੀਵਨ, ਸੰਸਾਰ ਦੇ ਸਾਹਮਣੇ, ਦੋ ਮੋਟੇ ਪਹਿਲੂ ਪੇਸ਼ ਕਰਦਾ ਹੈ। ਇਕ ਪਹਿਲੂ ਉਹ ਹੈ ਜਿਹੜਾ ਭਾਈ ਲਹਿਣਾ ਜੀ ਦੇ ਰਾਹੀਂ ਜਗਤ ਦੇ ਸਾਹਮਣੇ ਆਇਆ ਹੈ ਅਤੇ ਦੂਜਾ ਉਹ ਹੈ ਜੋ ਗੁਰੂ ਨਾਨਕ ਸਾਹਿਬ ਦੇ ਸਾਹਿਬਜ਼ਾਦਿਆਂ ਰਾਹੀਂ ਜਗਤ ਨੇ ਤੱਕਿਆ ਹੈ।

(੨) ਗੁਰੂ ਨਾਨਕ ਸਾਹਿਬ ਜੀ ਜਦ ਭੀ ਸਾਹਿਬਜ਼ਾਦਿਆਂ ਨੂੰ ਕੋਈ ਕੰਮ ਕਰਨ ਦਾ ਹੁਕਮ ਦਿੰਦੇ ਤਾਂ ਸਾਹਿਬਜ਼ਾਦੇ ਆਪਣੀ ਅਕਲ ਦੀ ਮਦਦ ਨਾਲ, ਗੁਰੂ ਜੀ ਦੀ ਦੱਸੀ ਬਿਧੀ ਨਾਲੋਂ ਵੱਖਰੀ ਬਿਧੀ (ਜੋ ਦੁਨਿਆਵੀ ਦ੍ਰਿਸਟੀ ਤੋਂ ਸੁਖੱਲੀ ਅਤੇ ਠੀਕ ਮਹਿਸੂਸ ਹੁੰਦੀ ਹੋਵੇ) ਰਾਹੀਂ ਉਸ ਕੰਮ ਨੂੰ ਕਰਨ ਦਾ ਅੱਗੋਂ ਸੁਝਾਅ ਦੇਂਦੇ। ਬੱਚਿਆਂ ਵੱਲੋਂ ਆਪਣੇ ਹੁਕਮ ਦੀ ਟੀਕਾ-ਟਿੱਪਣੀ ਸੁਣ ਕੇ ਗੁਰੂ ਜੀ ਉਹੋ ਹੁਕਮ ਭਾਈ ਲਹਿਣਾ ਜੀ ਨੂੰ ਇੰਨ-ਬਿੰਨ ਸ਼ਬਦਾਂ ਵਿੱਚ ਦੁਹਰਾਉਂਦੇ। ਭਾਈ ਲਹਿਣਾ ਜੀ ਹੁਕਮ ਦਾ ਇਸ਼ਾਰਾ ਹੁੰਦਿਆਂ ਸਾਰ ਹੀ ਤੁਰਤ- ਫੁਰਤ ਅੱਖ ਦੇ ਫੁਰੋਕੇ ਵਿੱਚ ਸਤਿਗੁਰਾਂ ਦੇ ਹੁਕਮ ਦੀ ਤਾਮੀਲ ਸ਼ੁਰੂ ਕਰ ਦਿੰਦੇ। ਇਸ ਪ੍ਰਕਾਰ ਹੁਕਮ ਮੰਨ ਕੇ, ਗੁਰੂ ਜੀ ਦੀ ਖੁਸ਼ੀ ਪ੍ਰਾਪਤ ਕਰਦੇ। ਕਿਉਂਕਿ ਭਾਈ ਲਹਿਣਾ ਜੀ ਨੂੰ *'ਹੁਕਮਿ ਮੰਨੀਐ ਹੋਵੈ ਪਰਵਾਣੁ'* (ਅੰਗ - ੪੭੧) ਦੀ ਸਮਝ ਆ ਚੁੱਕੀ ਸੀ। ਇਹਨਾਂ ਨੇ ਸਤਿਗੁਰਾਂ ਦੇ ਹੁਕਮ ਦੀ ਕਦੇ ਭੀ ਫੋਲਾ-ਫਾਲੀ ਨਹੀਂ ਸੀ ਕੀਤੀ। ਸਗੋਂ ਫੋਲਾ-ਫਾਲੀ ਦਾ ਸੂਖਸ਼ਮ ਖਿਆਲ ਤਕ ਭੀ ਕਦੇ ਨਹੀਂ ਸੀ ਆਇਆ। ਕੇਵਲ ਹੁਕਮ ਮੰਨਣ ਨਾਲ ਹੀ ਸੰਬੰਧ ਰੱਖਿਆ ਹੋਇਆ ਸੀ ਅਤੇ ਉਹ ਭੀ ਆਪਣੇ ਧੰਨ ਭਾਗ ਸਮਝ ਕੇ।

(੩) ਸਤਿਗੁਰੂ ਜੀ ਦੀ ਵਡਿਆਈ ਅਤੇ ਸਤਿਕਾਰ ਇਸ ਬਾਤ ਵਿੱਚ ਹੀ ਹੈ ਕਿ ਸਤਿਗੁਰਾਂ ਦੀ ਮਨਸਾ ਅੱਗੇ ਗੁਰਸਿੱਖ ਦਾ ਸੀਸ ਨਿਵ ਜਾਏ, ਅਤੇ ਗਦ ਗਦ ਹੋ ਕੇ ਨਿਵੇ। ਤੀਸਰੇ ਜਾਮੇ ਵਿੱਚ ਗੁਰੂ (ਨਾਨਕ) ਅਮਰਦਾਸ ਸਾਹਿਬ ਜੀ ਜਦ ਸਿੱਖਾਂ ਪ੍ਰਤੀ, ਆਪਣੇ ਬੈਠਣ ਲਈ ਚੰਗਾ ਜਿਹਾ ਥੜ੍ਹਾ ਬਣਾਉਣ ਨੂੰ ਕਹਿੰਦੇ ਹਨ ਤਾਂ ਬਹੁਤ ਸਾਰੇ ਸਿੱਖ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਚੰਗੇ ਚੰਗੇ ਥੜ੍ਹੇ ਬਣਾਉਣ ਵਿੱਚ ਜੁਟ ਪੈਂਦੇ ਹਨ। ਜਦ ਗੁਰੂ ਜੀ ਨੂੰ ਥੜ੍ਹੇ ਬਣ ਜਾਣ ਦੀ ਖ਼ਬਰ ਮਿਲ ਜਾਂਦੀ ਹੈ ਤਾਂ ਗੁਰੂ ਜੀ ਥੜ੍ਹਿਆਂ ਨੂੰ ਦੇਖ ਕੇ ਸਾਰੇ ਦੇ ਸਾਰੇ ਥੜ੍ਹੇ ਨਾ-ਮਨਜ਼ੂਰ ਕਰ ਦਿੰਦੇ ਹਨ। ਉਹਨਾਂ ਸਾਰਿਆਂ ਨੂੰ ਢਾਹ ਕੇ ਨਵੇਂ ਸਿਰਿਓਂ ਉਹਨਾਂ ਦੀ ਜਗ੍ਹਾ ਓਨ੍ਹਾਂ ਤੋਂ ਚੰਗਾ ਥੜ੍ਹਾ ਬਣਾਉਣ ਦਾ ਹੁਕਮ ਦੇ ਜਾਂਦੇ ਹਨ। ਗੁਰਸਿੱਖ ਆਪਣੀ ਅਕਲ ਅਤੇ ਸਰੀਰ ਦੇ ਤਾਣ ਮੁਤਾਬਿਕ ਹੋਰ ਚੰਗੇ ਥੜ੍ਹੇ ਬਣਾਉਂਦੇ ਹਨ। ਗੁਰੂ ਜੀ ਫਿਰ ਇਹ ਸਾਰੇ ਥੜ੍ਹੇ ਰੱਦ ਕਰ ਜਾਂਦੇ ਹਨ। ਇਹ ਸਿਲਸਿਲਾ ਕਈ ਦਿਨ ਜਾਰੀ ਰਹਿੰਦਾ ਹੈ। ਜਦ ਬਹੁਤ ਸਾਰੇ ਚਤੁਰ ਅਤੇ ਸਿਆਣੇ ਸਿੱਖਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਤਾਂ ਕੋਈ ਥੜ੍ਹਾ ਪਸੰਦ ਹੀ ਨਹੀਂ ਆਉਂਦਾ, ਕਈ ਦਿਨ ਹੋ ਗਏ ਹਨ ਸਾਨੂੰ ਖਪਦਿਆਂ ਨੂੰ, ਇਸ ਤੋਂ ਚੰਗਾ ਥੜ੍ਹਾ ਤਾਂ ਅਸੀਂ ਬਣਾ ਹੀ ਨਹੀਂ ਸਕਦੇ? ਤਦ ਇਹਨਾਂ ਵਿਚੋਂ ਬਹੁਤ ਸਾਰਿਆਂ ਨੇ ਥੜ੍ਹੇ ਬਣਾਉਣੇ ਛੱਡ ਦਿੱਤੇ। ਇਸ ਤਰ੍ਹਾਂ ਕਰਦਿਆਂ ਕਰਦਿਆਂ ਥੜ੍ਹੇ ਬਣਾਉਣ ਵਾਲਿਆਂ ਦੀ ਗਿਣਤੀ ਘੱਟਦੀ ਗਈ। ਉਹ ਵੀ ਦਿਨ ਆ ਗਿਆ ਕਿ ਕੇਵਲ ਰਾਮਦਾਸ ਜੀ ਹੀ ਇਕੱਲੇ ਥੜ੍ਹਾ ਬਣਾਉਣ ਵਾਲੇ ਰਹਿ ਗਏ। ਇਹਨਾਂ ਇਕੱਲਿਆਂ ਦਾ ਬਣਾਇਆ ਹੋਇਆ ਥੜ੍ਹਾ ਭੀ ਗੁਰੂ ਜੀ ਹਰ ਰੋਜ਼ ਨਾ-ਮਨਜ਼ੂਰ ਕਰ ਜਾਂਦੇ ਤੇ ਉਸ ਤੋਂ ਚੰਗਾ ਥੜ੍ਹਾ ਬਣਾਉਣ ਲਈ ਕਹਿ ਜਾਂਦੇ। ਦੂਸਰੇ ਸਿੱਖ ਭੀ ਰਾਮਦਾਸ ਜੀ ਨੂੰ ਟਿੱਚ ਕਰਨ ਲੱਗ ਪਏ।

(੪) ਜਦ ਭੀ ਗੁਰੂ ਜੀ, ਰਾਮਦਾਸ ਜੀ ਦਾ ਬਣਾਇਆ ਹੋਇਆ ਥੜ੍ਹਾ ਰੱਦ ਕਰਦੇ, ਰਾਮਦਾਸ ਜੀ ਹੱਥ ਜੋੜ ਕੇ ਖਲੋ ਜਾਂਦੇ ਅਤੇ ਕਹਿੰਦੇ, ਸਤਿਗੁਰੂ ਜੀ, ਮੇਰੇ ਵਿੱਚ ਅਕਲ ਨਹੀਂ ਹੈ, ਇਹ ਥੜ੍ਹਾ ਵਾਕਿਆ ਹੀ ਚੰਗਾ ਨਹੀਂ ਹੈ, ਆਪ ਜੀ ਕਿਰਪਾ ਕਰਕੇ ਦਾਸ ਪਾਸੋਂ ਚੰਗਾ ਥੜ੍ਹਾ ਬਣਵਾਉ। ਇਸ ਦੇ ਨਾਲ ਹੀ ਰਾਮਦਾਸ ਜੀ ਨੂੰ ਚਾਅ ਚੜ੍ਹ ਜਾਂਦਾ ਅਤੇ ਖੁਸ਼ੀ ਵਿੱਚ ਦੂਣ-ਸਵਾਏ ਹੋ ਜਾਂਦੇ, ਕਿ ਸ਼ੁਕਰ ਹੈ ਸਤਿਗੁਰੂ ਜੀ ਨੇ ਦਾਸ ਨੂੰ ਆਪਣੀ ਕਾਰੇ ਲਾਈ ਰੱਖਿਆ ਹੈ ਅਤੇ ਹੋਰ ਥੜ੍ਹਾ ਬਣਾਉਣ ਦਾ ਹੁਕਮ ਦਿੱਤਾ ਹੈ। ਰਾਮਦਾਸ ਜੀ ਨੂੰ ਤਾਂ ਕੇਵਲ ਗੁਰੂ ਜੀ ਦੀ ਰਜ਼ਾ ਵਿੱਚ ਰਹਿਣ ਦਾ ਚਾਅ ਸੀ ਅਤੇ ਗੁਰੂ-ਆਸ਼ੇ ਅਨੁਸਾਰ ਹੀ ਕੰਮ ਕਰੀ ਜਾਣ ਦਾ ਚਾਅ ਸੀ। ਇਹਨਾਂ ਦਾ ਥੜ੍ਹੇ ਦੀ ਚੰਗਿਆਈ ਜਾਂ ਮੰਦਿਆਈ ਨਾਲ ਕੋਈ ਵਾਸਤਾ ਨਹੀਂ ਸੀ।

(੫) ਜਦ ਗੁਰੂ ਨਾਨਕ-ਜੋਤਿ ਨੇ ਪਰਖ ਲਿਆ ਕਿ ਭਾਈ ਲਹਿਣਾ ਜੀ ਅਤੇ ਰਾਮਦਾਸ ਜੀ ਵਿੱਚ ਆਪਣੀ ਚਤੁਰਾਈ ਦਾ ਮੁਸ਼ਕ ਤੱਕ ਵੀ ਨਹੀਂ ਰਿਹਾ ਕੇਵਲ ਗੁਰੂ ਦਾ ਹੁਕਮ ਮੰਨਣ ਅਤੇ ਗੁਰੂ ਦੀ ਰਜ਼ਾ ਵਿੱਚ ਰਹਿਣ ਦਾ ਚਾਅ ਹੈ ਤਾਂ ਗੁਰੂ ਨਾਨਕ-ਜੋਤਿ ਨੇ ਇਹਨਾਂ ਸੇਵਕਾਂ (ਸੰਤਾਂ) ਨੂੰ ਆਪਣੇ ਵਿੱਚ ਇਕ ਰੂਪ ਕਰਕੇ ਗੁਰੂ ਨਾਨਕ ਦੀ ਗੱਦੀ ਉਤੇ ਸੁਸ਼ੋਭਿਤ ਕਰ ਦਿੱਤਾ।

(੬) ਜੇ ਦਸਵੇਂ ਜਾਮੇ ਵਿੱਚ ਗੁਰੂ ਨਾਨਕ-ਜੋਤਿ ਨੇ ਸਿੱਖਾਂ ਪਾਸੋਂ ਸੀਸ ਮੰਗੇ ਹਨ ਤਾਂ ਸੀਸ ਭੇਟ ਕਰਨ ਵਾਲਿਆਂ ਨੇ ਇਹ ਨਹੀਂ ਪੁੱਛਿਆ ਕਿ ਤੁਸੀਂ ਸੀਸ ਕੀ ਕਰਨੇ ਹਨ? ਕੇਵਲ ਸੀਸ ਭੇਟ ਕਰਨ ਲਈ ਹੀ ਅੱਗੇ ਵਧੇ ਹਨ ਅਤੇ ਸੀਸ ਦੇ ਦਿੱਤੇ ਹਨ। ਐਸਾ ਹੁਕਮ ਦੇਣ ਦਾ ਪ੍ਰਯੋਜਨ ਗੁਰੂ ਜੀ ਆਪ ਜਾਨਣ। ਗੁਰਸਿੱਖ ਦਾ ਸਬੰਧ ਅਤੇ ਫਰਜ਼ ਕੇਵਲ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੀ ਹੈ। ਗੁਰਸਿੱਖ ਗੁਰ-ਹੁਕਮਾਂ ਦੀ ਫੋਲਾ-ਫਾਲੀ ਨਹੀਂ ਕਰਦਾ। ਗੁਰ-ਹੁਕਮਾਂ ਦੀ ਫੋਲਾ-ਫਾਲੀ ਕਰਨ ਨਾਲ ਗੁਰੂ ਉਤੇ ਸ਼ਰਧਾ ਥਿੜਕਦੀ ਹੈ। ਸ਼ਰਧਾ ਥਿੜਕੀ ਤਾਂ ਸਭ ਕੁਝ ਗਿਆ। ਫਿਰ ਗੁਰੂ ਪਾਸੋਂ ਮਿਲਣਾ ਕੀ ਹੈ? ਪੂਰੇ ਗੁਰੂ ਉਤੇ ਸ਼ਰਧਾ ਬਣੀ ਰਹਿਣ ਦੇ ਕਾਰਨ ਹੀ ਖਾਲਸਾ ਮੇਰਾ ਸਤਿਗੁਰੁ ਪੂਰਾ ਵਾਲਾ ਸ੍ਰੀ ਮੁਖਵਾਕ ਸੰਸਾਰ ਦੇ ਕੰਨੀ ਪਿਆ ਸੀ। ਇੰਨ-ਬਿੰਨ ਹੁਕਮ ਮੰਨਣ ਵਾਲਾ ਖਾਲਸਾ ਅਤੇ ਗੁਰੂ ਆਪਸ ਵਿੱਚ ਓਤ-ਪੋਤ ਹਨ।

(੭) ਪਰ ਅਫ਼ਸੋਸ, ਕਿ ਕੁਝ ਕੁ ਸਮੇਂ ਤੋਂ ਆਪਣੀ ਚਤਰਾਈ ਅਤੇ ਆਪਣੀ ਵਡਿਆਈ ਦੀ ਭੁੱਖ ਦੇ ਕਾਰਨ, ਪੂਰੇ ਗੁਰੂ ਉੱਤੇ ਸਾਡੀ ਸ਼ਰਧਾ ਥਿੜਕ ਗਈ ਹੈ। ਸਾਨੂੰ ਗੁਰੂ ਸਰੂਪ ਵਿੱਚ ਘਾਟ ਨਜ਼ਰ ਆਉਣ ਲੱਗ ਪਈ ਹੈ। ਇਸ ਘਾਟ ਨੂੰ ਅਸੀਂ ਆਪਣੀ ਅਕਲ ਦੇ ਤਾਣ, ਪੂਰਾ ਕਰਨ ਵਿੱਚ ਕਾਫ਼ੀ ਕਾਮਯਾਬ ਹੋ ਗਏ ਹਾਂ। ਉਹ ਕਿਵੇਂ? ਅਸੀਂ ਚਾਤਰ ਸਿੱਖਾਂ ਨੇ ਸੋਚਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ (ਜੁੜਤ ਸ਼ਬਦਾਂ ਵਾਲੇ) ਸਰੂਪ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਨ ਦੀ ਅਤੇ ਜ਼ਿਆਦਾ ਗਿਣਤੀ ਵਿੱਚ ਸੰਸਾਰੀਆਂ ਦੇ ਅੰਦਰ ਗੁਰਬਾਣੀ ਪੜ੍ਹਨ ਲਈ ਕਾਫ਼ੀ ਖਿੱਚ ਪੈਦਾ ਕਰਨ ਦੀ ਤਾਕਤ ਘੱਟ ਹੈ। ਇਸ ਧੁਰ-ਧੁਰੰਦਰੀ ਰੱਬ ਰਜਾਏ ਗੁਰ-ਹੁਕਮਾਏ, ਪੂਰੇ ਗੁਰੂ ਦੇ ਭਾਣੇ ਅੰਦਰ ਅਸਥਾਪਨ ਹੋਏ ਪਾਵਨ ਲੜੀਦਾਰ ਸਰੂਪ ਨੂੰ ਅਸਾਂ ਪਦ-ਛੇਦ ਦਾ ਭੇਖ (ਰੂਪ) ਦੇ ਕੇ ਆਮ ਸੰਸਾਰੀਆਂ ਦੇ ਮਨਾਂ ਵਿਚੋਂ, ਲੜੀਦਾਰ ਸਰੂਪ ਨੂੰ ਔਖਾ ਸਮਝ ਕੇ ਇਸਦਾ ਸਤਿਕਾਰ ਅਤੇ ਇਸ ਦੀ ਲੋੜ ਹੀ ਖਤਮ ਕਰ ਦਿੱਤੀ ਹੈ।

(੮) ਪੂਰਾ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਹਰ ਪਹਿਲੂ ਤੋਂ ਪੂਰਾ ਹੈ, ਸਰਬ ਸ਼ਕਤੀਆਂ ਵਿੱਚ ਪੂਰਾ ਅਤੇ ਦਰਸ਼ਨ ਵਿੱਚ ਵੀ ਪੂਰਾ ਹੈ। ਪੂਰੇ ਗੁਰੂ ਵਿੱਚ ਕਿਸੇ ਪ੍ਰਕਾਰ ਦੀ ਊਣਤਾਈ ਨਹੀਂ ਹੈ। ਇਸ ਲਈ ਪੂਰੇ ਗੁਰੂ ਦੀ ਸੋਧ-ਸੁਧਾਈ ਹੋਣ ਦੀ ਗੁੰਜਾਇਸ਼ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲਾਉਂਦਿਆਂ ਹੋਇਆਂ ਕਿਹਾ ਸੀ ਕਿ ਹੁਣ ਤੋਂ ਅੰਗਦ ਦੇਵ ਜੀ ਨੂੰ ਗੁਰੂ ਮੰਨਿਓ। ਗੁਰੂ ਅੰਗਦ ਦੇਵ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਹੀ ਹੁਕਮ ਸਿੱਖਾਂ ਪ੍ਰਤੀ ਫੇਰ ਦੁਹਰਾਇਆ ਅਤੇ ਕਿਹਾ ਕਿ ਹੁਣ ਤੋਂ ਗੁਰੂ ਅਮਰਦਾਸ ਜੀ ਨੂੰ ਗੁਰੂ ਮੰਨਿਓ। ਇਹ ਸਿਲਸਿਲਾ ਦਸਵੇਂ ਜਾਮੇ ਤੱਕ ਜਾਰੀ ਰਿਹਾ।

(੯) ਕਲਗੀਧਰ ਪਾਤਸ਼ਾਹ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਪ੍ਰਤੀ ਹੁਕਮ ਦਿੱਤਾ *'ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥'* ਇਹ ਕਹਿ ਕੇ ਆਪ ਕਲਗੀਧਰ ਪਾਤਸ਼ਾਹ ਜੀ ਨੇ ਲੜੀਦਾਰ-ਬਖਸ਼ਣਹਾਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਪਰ ਅਸਾਂ ਇਸ ਪਰਵਾਨੇ ਸਰੂਪ ਨੂੰ ਪਦ-ਛੇਦ ਕਰ ਕੇ ਚਤੁਰਾਈ ਵਰਤ ਲਈ ਹੈ ਤਾਂ ਜੁ ਪਾਠ ਛੇਤੀ ਅਤੇ ਸੌਖਾ ਹੋ ਸਕੇ। ਕਕਿਆਂ ਵਾਲਾ ਪੱਤਰਾ-ਪਾਠ ਅਤੇ ਪਦ-ਛੇਦ ਪਾਠ ਦੋਨੋਂ ਮਨਮਤਿ ਯਾਨੀ ਕਿ ਨਿੰਦਣਯੋਗ ਹਨ।

ਕੂਕਿਆਂ ਨੇ ਗੁਰੂ ਗ੍ਰੰਥ ਸਾਹਿਬ ਦਾ ਪੱਤਰਾ ਪੱਤਰਾ ਕਰਨ ਦਾ ਇਰਾ ਕੀਤਾ ਸੀ ਪਰ ਸਿੱਖ ਜਗਤ ਨੇ ਇਸਨੂੰ ਸਤਿਗੁਰਾ ਦੀ ਘੋਰ ਬੇਅਦਬੀ ਸਮਝ ਕੇ ਹਾਹਾਕਾਰ ਮਚਾ ਦਿੱਤੀ ਸੀ ਅਤੇ ਕੂਕੇ ਇਹ ਕੁਕਰਮ ਕਰਨੋਂ ਰੁਕ ਗਏ। ਗੁਰੂ ਦੇ ਪੱਤਰੇ ਛੇਦ ਹੁੰਦੇ ਸੁਣ ਕੇ ਤਾਂ ਸਾਨੂੰ ਬਹੁਤ ਦੁੱਖ ਹੋਇਆ ਕਿ ਇਹ ਮਨਮਤਿ ਹੈ ਅਤੇ ਇਸਨੂੰ ਰੋਕਣ ਵਾਸਤੇ ਪੰਥ ਨੇ ਇਕੱਠਿਆਂ ਹੋ ਕੇ ਰੌਲਾ ਪਾ ਦਿੱਤਾ। ਪਰ ਗੁਰੂ ਦੇ ਪਦ-ਛੇਦ ਹੁੰਦੇ ਦੇਖ ਕੇ ਤਾਂ ਸਾਡੇ ਕੰਨ ਤੇ ਜੂੰ ਨਾ ਸਰਕੀ। ਸਿੱਖੀ ਨੂੰ ਢਹਿੰਦੀ ਕਲਾ ਵਿੱਚ ਲੈ ਜਾਣ ਲਈ ਇਕ ਮਨਮਤਿ ਮਾੜੀ ਕਿਉਂ ਅਤੇ ਦੂਜੀ ਮਨਮਤਿ ਚੰਗੀ ਕਿਉਂ? ਦੋਨਾਂ ਹਾਲਤਾਂ ਵਿੱਚ ਹੀ ਗੁਰਬਾਣੀ ਦੀ ਬੇ-ਅਦਬੀ ਹੈ। ਜੇ ਸਦੀਵੀ ਰਹਿਣ ਵਾਲੇ ਖਾਲਸਾ ਜੀ ਦਾ ਰੂਪ ਕਲਗੀਧਰ ਪਾਤਸ਼ਾਹ ਜੀ ਨੇ ਖਾਸ ਕਿਹਾ ਹੈ ਤਾਂ ਪੱਥਰ ਉਤੇ ਲੀਕ ਜਾਣ ਕੇ ਗੁਰੂ ਦਾ ਰੂਪ ਭੀ ਖਾਸ ਹੀ ਹੈ। ਅਤੇ ਉਹ ਖਾਸ ਰੂਪ ਕੇਵਲ ਲੜੀਦਾਰ ਰੂਪ ਹੈ--ਨਾ ਪੱਤਰਾ-ਛੇਦ ਰੂਪ ਹੈ ਅਤੇ ਨਾ ਹੀ ਪਦ-ਛੇਦ ਰੂਪ ਹੈ।

(੧੦) ਲੜੀਦਾਰ ਸਰੂਪ ਰੱਬ-ਘੜਤ ਸਰੂਪ ਹੈ। ਪਦ-ਛੇਦ ਸਰੂਪ ਮਨ-ਘੜਤ ਸਰੂਪ ਹੈ। *ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ (ਅੰਗ - ੧੪੧੨)'* ਦੇ ਗੁਰਵਾਕ ਉਤੇ ਸਾਨੂੰ ਪੂਰਾ ਭਰੋਸਾ ਚਾਹੀਦਾ ਹੈ। ਅਸੀਂ ਭੁੱਲੜ, ਢਿੱਲੜ, ਮਾਇਆਧਾਰੀ, ਆਰਾਮ-ਪਸੰਦ, ਲੜੀਦਾਰ ਸਰੂਪ ਦੀ ਮਹਿਮਾ ਕੀ ਜਾਣੀਏ? *'ਹਮ ਭੂਲਹ ਤੁਮ ਸਦਾ ਅਭੂਲਾ..'* ਅਭੁੱਲ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਠੀਕ ਸਾਜਿਆ ਹੈ। ਇਹ ਸਰੂਪ ਸਾਜਣ ਵਿੱਚ ਕੋਈ ਭੁੱਲ ਨਹੀਂ ਹੋਈ। *'ਆਪਿ ਕਰੇ ਕਿਸੁ ਆਖੈ ਕੋਈ॥ ਆਖਣਿ ਜਾਈਐ ਜੇ ਭੂਲਾ ਹੋਇ॥ (ਅੰਗ - ੧੧੪)'* ਅਭੂਲੇ ਗੁਰੂ ਨਾਨਕ ਨੇ ਜਾਣ ਮਿਥ ਕੇ, ਸਮਝ ਸੋਚ ਕੇ, ਰੱਬੀ ਰਜ਼ਾ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਰਚਿਆ ਹੈ ਅਤੇ ਸੰਸਾਰੀਆਂ ਨੂੰ ਇਸ ਦੇ ਚਰਨੀਂ ਲਾਇਆ ਹੈ। ਪਰ ਗੁਰਬਾਣੀ ਵੇਚ ਕੇ ਖਾਣ ਵਾਲਿਆਂ ਭੁੱਲੜਾਂ ਨੇ ਗੁਰੂ ਦਾ ਰੱਬ-ਰਜਾਇਆ ਸਰੂਪ ਵਿਗਾੜ ਕੇ ਇਸਨੂੰ ਪਦ-ਛੇਦ ਦਾ ਜਾਮਾ ਚਾੜ੍ਹ ਕੇ ਸਿੱਖੀ ਨੂੰ ਸਸਤਾ ਅਤੇ ਬੇ-ਕਦਰਾ ਕੀਤਾ ਹੈ। ਲੜੀਦਾਰ ਸਰੂਪ ਦੀ ਸੇਵਾ ਸੰਭਾਲ ਹੀ ਪੂਰੇ ਗੁਰੂ ਦੀ ਵਡਿਆਈ ਹੈ। *'ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ'॥ (ਅੰਗ - ੩੦੪)* ਮਨਮੁੱਖਾਂ ਨੂੰ ਤਾਂ ਚਤੁਰਾਈ-ਅਧੀਨ ਸਾਜਿਆ ਹੋਇਆ ਪਦ-ਛੇਦ ਸਰੂਪ ਹੀ ਸੌਖਾ ਅਤੇ ਚੰਗਾ ਲੱਗਦਾ ਹੈ। ਲੜੀਦਾਰ ਸਰੂਪ ਨੂੰ ਅਉਖਾ ਜਾਣ ਕੇ ਇਸ ਤੋਂ ਨੱਕ ਮੂੰਹ ਵੱਟਦੇ ਹਨ। ਕੈਸੇ ਮਾੜੇ ਭਾਗ ਹਨ?

(੧੧) ਪਦ-ਛੇਦਤਾ ਚਤੁਰਾਈ ਦੀ ਕਾਢ ਹੈ ਅਤੇ ਚਤੁਰਾਈ ਮਨਮੁਖਾਂ ਦੀਆਂ ਕਈ ਨਿਸ਼ਾਨੀਆਂ ਵਿਚੋਂ ਸਿਰ-ਕੱਢਵੀਂ ਨਿਸ਼ਾਨੀ ਹੈ। ਯਥਾ - *'ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ॥ (ਅੰਗ - ੭੭੫)'* (ਕਿਉਂ?) *'ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ॥' (ਅੰਗ - ੭੭੫)*

ਦੇਖੋ : ਪਦ-ਛੇਦ ਚਾਤਰਾਂ ਦਾ ਕੀ ਹਾਲ ਹੁੰਦਾ ਹੈ -

***ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ॥***
***ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ॥ ਅੰਗ - ੭੭੫***

ਇਹਨਾਂ ਚਾਤਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅਤੇ ਇਲਾਹੀ ਲੜੀਦਾਰ ਸਰੂਪ ਦੀ ਪਦ-ਛੇਦਤਾ ਰਾਹੀਂ ਤਰਮੀਮ ਕਰ ਦਿੱਤੀ ਹੈ। ਇਸ ਤਰਮੀਮ ਨਾਲ ਇਹਨਾਂ ਨੇ ਆਪਣੇ ਖਿਆਲ ਵਿੱਚ ਔਖੇ ਗੁਰੂ ਨੂੰ ਪਬਲਿਕ ਵਾਸਤੇ ਸੌਖਾ ਕਰ ਦਿੱਤਾ ਹੈ।

(੧੨) ਤਰਮੀਮ ਉਸ ਚੀਜ਼ ਦੀ ਹੋਇਆ ਕਰਦੀ ਹੈ ਜਿਸ ਦੀ ਪਹਿਲਾਂ ਬਣਤਰ ਵਿੱਚ ਕੋਈ ਘਾਟ ਜਾਂ ਅਧੂਰਾਪਨ ਰਹਿ ਗਿਆ ਹੋਵੇ। ਅਜਿਹੀ ਘਾਟ ਨੂੰ ਤਰਮੀਮ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਕ ਪਾਸੇ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਾ ਗੁਰੂ ਕਹਿੰਦੇ ਹਾਂ ਅਤੇ ਦੂਜੇ ਪਾਸੇ ਇਹਨਾਂ ਨੂੰ ਪਦ-ਛੇਦਤਾ ਰਾਹੀਂ ਤਰਮੀਮ ਦਾ ਮੁਹਤਾਜ ਸਮਝਦੇ ਹਾਂ। ਇਹ ਤਾਂ ਫਿਰ ਹਾਸੋ-ਹੀਣੀ ਗੱਲ ਹੋਈ--ਨਾਲੇ ਪੂਰਾ ਅਤੇ ਨਾਲੇ ਅਧੂਰਾ। ਅਫ਼ਸੋਸ, ਸਦ ਅਫ਼ਸੋਸ ਪਦ-ਛੇਦੀਆਂ ਦੀ ਮਤਿ ਉਤੇ। ਇਸ ਤੋਂ ਜ਼ਿਆਦਾ ਅਫ਼ਸੋਸ ਉਹਨਾਂ ਸਿੱਖਾਂ ਉਤੇ ਜਿਹਨਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਨਕ - ਅਸਥਾਪੇ - ਲੜੀਦਾਰ - ਸਰੂਪ ਨੂੰ ਅਉਖਾ ਜਾਣ ਕੇ ਅੱਖੋਂ ਪਰੋਖਾ ਕਰ ਲਿਆ ਹੈ ਅਤੇ ਇਨਸਾਨੀ ਚਤੁਰਾਈ ਅਧੀਨ ਅਸਥਾਪੇ ਪਦ-ਛੇਦ ਸਰੂਪ ਨੂੰ ਤਰਜੀਹ ਦੇ ਰੱਖੀ ਹੈ।

(੧੩) ਗੁਰਬਾਣੀ ਦੀ ਲੜੀਦਾਰ ਰਚਨਾ ਰੱਬ ਦਾ

***(ਬਾਕੀ ਪੰਨਾ 32 'ਤੇ)***

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਮਰ ਸਖਸੀਅਤ

*[(ਗੁਰਪੁਰਵਾਸੀ) ਪ੍ਰਿੰ. ਗੁਰਮੁਖ ਸਿੰਘ ਜੀ, ਪਟਿਆਲਾ]*

ਭਾਈ ਗੁਰਦਾਸ ਜੀ ਸਿੱਖ ਧਰਮ ਦੇ ਸਰਬ ਪ੍ਰਵਾਨਤ ਅਤੇ ਸਰਬ ਪ੍ਰਥਮ ਗੁਰੂ ਸਾਹਿਬਾਨ ਦੇ ਇਤਿਹਾਸਕਾਰ ਸਨ। ਆਪ ਨੇ ਆਪਣੀਆਂ ਵਾਰਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਾਫ਼ੀ ਚਾਨਣਾ ਪਾਇਆ ਹੈ। ਆਪ ਲਿਖਦੇ ਹਨ –

*ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ ॥*
*ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ॥*
*ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ ॥...*
*ਚੜ੍ਹਿਆ ਸੋਧਣਿ ਧਰਤਿ ਲੁਕਾਈ ॥ ਵਾਰ – ੧/੨੪*

ਗੁਰਦੇਵ ਜੀ ਦੀ ਆਪਣੀ ਇਕ (confessional statement) ਥਾਂ ਆਪਣੇ ਮੁਖਾਰਬਿੰਦ ਤੋਂ ਉਚਾਰੀ ਬਾਣੀ ਇਉਂ ਹੈ :

*ਸਤਿਗੁਰੁ ਦੇਖਿਆ ਦੀਖਿਆ ਲੀਨੀ ॥*
*ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥*
*ਗਤਿ ਮਿਤਿ ਪਾਈ ਆਤਮੁ ਚੀਨੀ ॥੪॥*
*ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ॥*
*ਹਰਿ ਜਸਿ ਸੰਤ ਭਗਤ ਨਿਸਤਾਰਿਆ॥*
*ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥*
*ਅੰਗ – ੨੨੨*

ਇਥੇ ਅਕਾਲ ਪੁਰਖ ਲਈ 'ਸਤਿਗੁਰੂ' ਪਦ ਦੀ ਵਰਤੋਂ ਕੀਤੀ ਗਈ ਹੈ। ਸਮੁੱਚੀ ਗੁਰਬਾਣੀ ਵਿਚ ਸਤਿਗੁਰ ਪਦ ਜਾਂ ਤਾਂ ਅਕਾਲ ਪੁਰਖ ਲਈ ਆਇਆ ਹੈ ਜਾਂ ਸ੍ਰੀ ਗੁਰੂ ਨਾਨਕ ਦੇਵ ਜੀ ਲਈ। ਆਪ ਜੀ ਦੇ ਉੱਤਰ-ਅਧਿਕਾਰੀ ਗੁਰੂ ਸਾਹਿਬਾਨ ਨੇ ਵੀ ਸਤਿਕਾਰ ਵਜੋਂ ਆਪ ਜੀ ਲਈ ਸਤਿਗੁਰ ਪਦ ਵਰਤਿਆ ਹੈ। ਵੇਖੋ ਭਾਈ ਗੁਰਦਾਸ ਦੀ ਵਾਰ ੧/੨੦)

ਆਪ ਜੀ ਨੂੰ ਤਪੱਸਿਆ ਮਗਰੋਂ ਅਕਾਲ ਪੁਰਖ ਨੇ ਗੁਰ- ਦੀਖਿਅਤ ਕੀਤਾ। ਉਨ੍ਹਾਂ ਆਪਣੀ ਜੋਤ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਪ੍ਰਕਾਸ਼ ਕੀਤਾ। ਉਸ ਦਿਨ ਤੋਂ ਮਗਰੋਂ ਆਪ ਅਕਾਲ ਪੁਰਖ ਜੀ ਦੇ ਸਰਗੁਣ ਸਰੂਪ ਵਿਚ ਹੀ ਕਲਜੁਗ ਦੇ ਜੀਵਾਂ ਦੇ ਉੱਧਾਰ ਲਈ ਵਿਚਰਦੇ ਰਹੇ। ਘਰ-ਬਾਰੀ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਕੁਝ ਸਮੇਂ ਲਈ ਛੁੱਟੀ ਲੈ ਕੇ ਚਾਰ ਉਦਾਸੀਆਂ ਕੀਤੀਆਂ ਅਤੇ ਅਨੇਕਾਂ ਪ੍ਰਾਣੀਆਂ ਦਾ ਉਧਾਰ ਕੀਤਾ। ਮੱਕੇ-ਮਦੀਨੇ ਜਾ ਕੇ ਰੱਬ ਦੇ ਘਰ ਵੱਲ ਲੱਤਾਂ ਪਸਾਰ ਕੇ ਲੇਟਣ ਦੀ ਕਿਸ ਦੀ ਜੁਰੱਅਤ ਪੈ ਸਕਦੀ ਸੀ? ਇਸਲਾਮਿਕ ਧਾਰਨਾ ਦੇ ਸੱਤ ਆਕਾਸ਼ਾਂ ਨੂੰ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕੌਣ ਰੱਦ ਕਰ ਸਕਦਾ ਸੀ? ਅੱਜ ਤਕ ਇਸਨੂੰ ਕਿਸੇ ਹੋਰ ਨੇ ਰੱਦ ਨਹੀਂ ਕੀਤਾ। ਲੱਖ ਆਗਾਸਾਂ ਦੀ ਗੱਲ ਗੁਰੂ ਨਾਨਕ ਦੇਵ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਆਖੀ। ਆਪਣੀ ਇਸਲਾਮਿਕ ਦੇਸ਼ਾਂ ਦੀ ਫੇਰੀ ਸਮੇਂ ਜੋਤ ਸਰੂਪ ਗੁਰਦੇਵ ਜੀ ਨੂੰ ਸਭ ਨੇ ਨਮਸਕਾਰ ਕਰ ਕੇ ਨਿਵਾਜਿਆ। ਪੰਜਾਬ ਅਤੇ ਬਾਕੀ ਹਿੰਦੁਸਤਾਨ ਦੇ ਮੁਸਲਮਾਨ ਪੀਰਾਂ-ਫ਼ਕੀਰਾਂ ਨੇ ਭੀ ਆਪ ਜੀ ਨੂੰ ਭਰਪੂਰ ਆਦਰ ਦਿੱਤਾ ਕਿਉਂਕਿ ਇਸਲਾਮਿਕ ਪੀਰ-ਫ਼ਕੀਰ ਇਕ ਰੱਬ ਦੀ ਹਸਤੀ ਨੂੰ ਹੀ ਮੰਨਦੇ ਸਨ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਦੀਦਾਰ ਕਰ ਕੇ ਉਨ੍ਹਾਂ ਦੇ ਅੰਤਰ-ਆਤਮੇ ਰੱਬੀ ਤੁਣਕਾ ਜਿਹਾ ਵੱਜਦਾ ਸੀ।

ਜੇ ਕੋਈ ਇਸ ਰੱਬੀ ਤੁਣਕੇ ਤੋਂ ਸੱਖਣਾ ਪਾਇਆ ਗਿਆ ਤਾਂ ਉਹ ਸੀ ਹਿੰਦੂ-ਧਰਮ ਦਾ ਮੁਖੀ ਬ੍ਰਾਹਮਣ। ਭਾਵੇਂ ਉਹ ਆਪਣੇ ਆਪ ਨੂੰ ਬ੍ਰਹਮਾ ਦੇ ਮੂੰਹ ਵਿੱਚੋਂ ਪੈਦਾ ਹੋਇਆ ਕਹਿੰਦਾ ਆਇਆ ਹੈ ਪਰ ਬ੍ਰਹਮ-ਗਿਆਨ ਉਸਦੇ ਨੇੜੇ ਨਹੀਂ ਲੱਗਾ। ਮਨੂ (ਬ੍ਰਾਹਮਣ) ਨੇ ਹਿੰਦੂ ਸਮਾਜ ਨੂੰ ਚਾਰ ਜ਼ਾਤਾਂ ਵਿਚ ਵੰਡਿਆ ਜੋ ਅੱਜ ਦੇ ਭਾਰਤ ਵਰਸ਼ ਵਿਚ ਇਹ ਵੰਡ, ਵਰਦਾਨ ਦੀ ਥਾਂ ਉਜਾੜੇ ਦਾ ਕਾਰਣ ਬਣ ਚੁੱਕੀ ਹੈ। ਹਿੰਦੂ ਧਰਮ ਦਾ ਆਧਾਰ ਬ੍ਰਾਹਮਣ ਦੁਆਰਾ ਰਚੀਆਂ ਪੁਰਾਣਿਕ ਕਥਾ-ਕਹਾਣੀਆਂ ਹਨ। ਤੇਤੀ ਕਰੋੜ ਦੇਵੀ-ਦੇਵਤੇ ਉਸ ਸਮੇਂ ਦੀ ਆਬਾਦੀ ਨਾਲੋਂ ਕਿਤੇ ਵੱਧ ਸਨ। ਫਿਰ ਮਨੁੱਖ ਕਿਸ ਕਿਸ ਦੀ ਪੂਜਾ ਕਰਦਾ? ਇਹੋ ਸਮੱਸਿਆ ਅੱਜ ਭੀ ਹਿੰਦੂ ਸਮਾਜ ਦੇ ਸਾਹਮਣੇ ਹੈ।

ਗੁਰੂ ਨਾਨਕ ਦੇਵ ਜੀ ਨੇ ਮੁੱਢ ਤੋਂ ਹੀ ਬ੍ਰਾਹਮਣ ਦੀ ਧਾਰਮਿਕ ਖੇਤਰ ਵਿਚ ਸਰਦਾਰੀ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਆਪਣੇ ਸੇਵਕਾਂ ਨੂੰ ਤੇਤੀ ਕਰੋੜ ਦੇਵਤਿਆਂ ਦੀ ਪੂਜਾ ਤੋਂ ਮੁਕਤ ਕਰ ਕੇ ਕੇਵਲ ਇਕ ਅਕਾਲ ਪੁਰਖ ਜੀ ਦੀ ਸੇਵਾ ਵਿਚ ਲਾਇਆ। ਕੁਦਰਤੀ ਗੱਲ ਹੈ ਆਪ ਜੀ ਦੇ ਇਸ ਪ੍ਰਚਾਰ ਨਾਲ ਜਿਥੇ ਅਨੇਕਾਂ ਜੀਵਾਂ ਦਾ ਪਾਰ-ਨਿਸਤਾਰਾ ਹੋਇਆ, ਉਥੇ ਕਪਟੀ ਬ੍ਰਾਹਮਣ ਦੀ ਦੁਕਾਨਦਾਰੀ ਦੀ ਗਾਹਕੀ ਦਿਨੋਂ ਦਿਨ ਘਟਦੀ ਗਈ। ਉਸਦੀ ਆਪਣੀ ਮਤਿ ਉੱਤੇ ਹੁਣ ਤਕ ਅਗਿਆਨਤਾ ਦਾ ਪੜਦਾ ਜਿਹਾ ਪਿਆ ਹੋਇਆ ਹੈ। ਉਸ ਨੇ ਸਰਗੁਣ ਸਰੂਪ ਅਕਾਲ ਪੁਰਖ ਜੀ ਦੀ ਪਰਤੱਖ ਜੋਤ ਨੂੰ ਭੂਤਨਾ ਅਤੇ ਬੇਤਾਲਾ (ਭੂਤ) ਕਹਿ ਕੇ 'ਸਨਮਾਨਤ' ਕੀਤਾ, ਪਰ ਇਹ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਹੈ ਕਿ ਉਨ੍ਹਾਂ ਪਰਤਵੇਂ ਉੱਤਰ ਵਿਚ ਕਉੜੀ ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ। ਇਤਨਾ ਹੀ ਆਖਿਆ :

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥*
*ਕੋਈ ਆਖੈ ਆਦਮੀ ਨਾਨਕੁ ਵੇਚਾਰਾ॥*
*ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥*
*ਹਉ ਹਰਿ ਬਿਨੁ ਅਵਰੁ ਨ ਜਾਨਾ॥੧॥ਰਹਾਉ॥*
*ਅੰਗ - ੯੯੧*

ਭੱਟ ਭੀ ਗੁਰੂ-ਕਾਲ (ਸਮੇਂ) ਦੇ ਮੰਨੇ ਪ੍ਰਮੰਨੇ ਬ੍ਰਾਹਮਣ ਵਿਦਵਾਨ ਹੋਏ ਹਨ। ਵਿਦਵਾਨ ਹੋਣਾ ਹੋਰ ਗੱਲ ਹੈ ਪਰ ਆਤਮਾ ਦੀ ਖੋਜ ਕਰਨ ਵਾਲੇ ਬਣਨਾ ਹੋਰ ਹੀ ਗੱਲ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਪਾਸ ਇਹ ਗਿਆਰਾਂ ਭੱਟ ਜਦੋਂ ਆਏ ਤਾਂ ਉਨ੍ਹਾਂ ਦੀ ਆਤਮ-ਤ੍ਰਿਪਤੀ ਹੋਈ ਅਤੇ ਇਉਂ ਭੱਟਾਂ ਦੀ ਬਾਣੀ ਰਾਹੀਂ ਗੁਰੂ ਨਾਨਕ ਜੋਤਿ ਦੀ ਪਾਰਬ੍ਰਹਮ ਵਿਚ ਅਭੇਦਤਾ ਦੇ ਵਿਸ਼ੇ ਦੀ ਬ੍ਰਾਹਮਣ ਵਿਦਵਾਨਾਂ ਨੂੰ ਭੀ ਸੋਝੀ ਹੋਈ। ਗੁਰਮਤਿ ਦੇ ਆਸ਼ੇ ਅਨੁਸਾਰ ਗੁਰੂ ਅਤੇ ਪਰਮੇਸ਼ਰ ਦੀ ਅਭੇਦਤਾ ਦਾ ਸਾਰ ਤੱਤ ਇਹ ਹੈ ਕਿ ਸਰਬ-ਵਿਆਪੀ ਪ੍ਰਭੂ ਦੇ ਅਨੇਕ ਗੁਣਾਂ ਵਿੱਚੋਂ ਇਕ ਸਰਬ-ਸ੍ਰੇਸ਼ਠ ਗੁਣ ਹੈ, 'ਗੁਰੂ' ਹੋ ਕੇ ਸੰਸਾਰ ਦਾ ਕਲਯਾਨ ਕਰਨਾ। ਪਰਮਾਤਮਾ ਦੀ ਜੋਤਿ ਤਾਂ ਭਾਵੇਂ ਹਰ ਇਕ ਜੀਵ ਵਿਚ ਹੁੰਦੀ ਹੈ ਪਰ ਗੁਰੂ-ਜੋਤਿ ਰੂਪ ਧਾਰ ਕੇ ਵਾਹਿਗੁਰੂ ਆਪਣੀ ਅਕਲ-ਕਲਾ ਦੁਆਰਾ ਜਗਿਆਸੂਆਂ ਵਿਚ ਜੋਤਿ ਪ੍ਰਕਾਸ਼ਨ ਦੀ ਬਖ਼ਸ਼ਸ਼ ਕਰਦਾ ਹੈ। ਗੁਰੂ ਨਾਨਕ ਜੋਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੁਆਰਾ ਦੀਖਿਅਤ ਹੋ ਕੇ ਨਾਮ ਅਭਿਆਸ ਕਮਾਈ ਦੁਆਰਾ ਹਰ ਹਿਰਦੇ-ਘਟ ਅੰਤਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਪਾਰਬ੍ਰਹਮ ਵਿਚ ਅਭੇਦਤਾ ਗੁਰੂ ਕਿਰਪਾ ਰਾਹੀਂ ਹੋ ਜਾਂਦੀ ਹੈ। ਫੁਰਮਾਨ ਹੈ :

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥*
*ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥*
*ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ॥ ਅੰਗ - ੧੪੩*

ਇਹ ਹੈ ਗੁਰਮਤਿ ਗਾਡੀ-ਰਾਹ। ਬਾਕੀ ਕਈ ਲੋਕ ਸਤਿਗੁਰ ਨਾਨਕ ਦੇਵ ਜੀ ਦੀ ਬਾਣੀ ਨੂੰ ਆਧਾਰ ਬਣਾ ਕੇ ਸ਼ਬਦ-ਗੁਰੂ ਤੋਂ ਪਰੇ ਹਟ ਕੇ ਦੇਹਧਾਰੀ ਬਾਬੇ ਅਤੇ ਗੁਰੂ ਬਣ-ਬਣ ਬੈਠੇ ਹੋਏ ਹਨ ਤੇ ਲੋਕਾਂ ਨੂੰ ਆਪਣੇ ਮਗਰ ਲਾਇਆ ਹੋਇਆ ਹੈ। ਇਹ ਸਭ ਭੀ ਅਕਾਲ ਪੁਰਖ ਦੇ ਭਾਣੇ ਵਿਚ ਹੀ ਹੋ ਰਿਹਾ ਹੈ, ਪਰ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਕੋਈ ਘਟਾਅ ਨਹੀਂ ਸਕਦਾ।

ਬਹੁਤਾ ਲਾਂਭੇ ਨਾ ਜਾਂਦੇ ਹੋਏ ਭੱਟਾਂ ਨੇ ਪਹਿਲੀ ਪਾਤਸ਼ਾਹੀ ਤੋਂ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਤਕ ਉਸਤਤ ਕਰਦੇ ਹੋਏ ਇਹ ਤੱਤ ਸਾਹਮਣੇ ਲਿਆਂਦੇ ਹਨ ਕਿ ਪਾਰਬ੍ਰਮ ਅਤੇ ਗੁਰੂ ਸਾਹਿਬਾਨ ਵਿਚ ਕੋਈ ਅੰਤਰ ਨਹੀਂ, ਯਥਾ:

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥*
*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥*
*ਲਹਣੈ ਪੰਥੁ ਧਰਮ ਕਾ ਕੀਆ ॥*
*ਅਮਰਦਾਸ ਭਲੇ ਕਉ ਦੀਆ ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ੍ਉ ॥*
*ਹਰਿ ਕਾ ਨਾਮੁ ਅਖੈ ਨਿਧਿ ਅਪ੍ਯ੍ਉ ॥...*
*ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥*
*ਸਤਿਗੁਰੁ ਗੁਰੁ ਸੇਵਿ ਅਲਖ ਗਤਿ,*
*ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥ ਅੰਗ - ੧੪੦੧*

ਸਵਯੇ ਸ੍ਰੀ ਮੁਖ ਵਾਕ ਮਹਲਾ ੫, ਦੇ ਸਿਰਲੇਖ ਹੇਠਾਂ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਬਾਰੇ ਇਉਂ ਲਿਖਦੇ ਹਨ :

*ਜਨੁ ਨਾਨਕੁ ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ,*
*ਏਕ ਜੀਹ ਕਿਆ ਬਖਾਨੈ॥*
*ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥*
*ਅੰਗ - ੧੩੮੫*

ਗੁਰੂ ਅਰਜਨ ਦੇਵ ਜੀ ਆਸਾ ਰਾਗ ਵਿਚ ਭੀ ਫੁਰਮਾਉਂਦੇ ਹਨ :

*ਕਲਿਜੁਗੁ ਉਧਾਰਿਆ ਗੁਰਦੇਵ॥*
*ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ਰਹਾਉ॥ ਅੰਗ - ੪੦੬*

ਇਸੇ ਵਿਚਾਰ ਨੂੰ ਅੱਗੇ ਤੋਰਦੇ ਹੋਏ ਆਪ ਸਵਯੇ ਸ੍ਰੀ ਮੁਖਵਾਕ ਮ: ੫ ਵਿਚ ਹੋਰ ਸਪੱਸ਼ਟ ਕਰਦੇ ਹਨ :

*ਬਲਿਓ ਚਰਾਗੁ ਅੰਧ੍ਯਾਰ ਮਹਿ ਸਭ,*
*ਕਲਿ ਉਧਰੀ ਇਕ ਨਾਮ ਧਰਮ॥*
*ਪ੍ਰਗਟੁ ਸਗਲ ਹਰਿ ਭਵਨ ਮਹਿ,*
*ਜਨੁ ਨਾਨਕੁ ਗੁਰੁ ਪਾਰਬ੍ਰਹਮ॥੯॥ ਅੰਗ - ੧੩੮੭*

ਉਪ੍ਰੋਕਤ ਮੁਲਾਂਕਣ (evaluation) ਭੱਟਾਂ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਕੀਤਾ ਗਿਆ ਹੈ। ਆਉ ਵੇਖੀਏ ਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਕੀ ਫੁਰਮਾਉਂਦੇ ਹਨ :

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥ ਅੰਗ - ੯੯੧*

ਆਪਣੇ ਆਪ ਨੂੰ ਗੁਰੂ ਮਹਾਰਾਜ ਅਕਾਲ ਪੁਰਖ ਦਾ ਗੁਲਾਮ ਮੰਨਦੇ ਹਨ। ਲਾਲਾ ਦਾ ਅਰਥ ਹੈ ਦਾਸ। ਆਪਣੇ ਮਾਤਾ ਪਿਤਾ ਨੂੰ ਭੀ ਇਸ ਸ਼ਬਦ ਵਿਚ ਪ੍ਰਭੂ ਦੇ ਦਾਸ ਹੀ ਦੱਸਦੇ ਹਨ। ਪਰ ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਵਿਚ ਆਪ ਜੀ ਦੀ ਨਿਮਰਤਾ ਵੇਖਣ ਵਾਲੀ ਹੈ :

*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥*
*ਆਦਿ ਜੁਗਾਦਿ ਦਇਆਪਤਿ ਦਾਤਾ,*
*ਤੁਧੁ ਵਿਣੁ ਮੁਕਤਿ ਨ ਪਾਈ ॥੪॥ ਅੰਗ - ੯੯੧*

ਹੇ ਪ੍ਰਭੂ! ਨਾਨਕ ਤੇਰਾ ਨਾ-ਸ਼ੁਕਰਾ ਗੁਲਾਮ ਹੈ। ਜੇ ਤੁਸੀਂ ਆਪਣੇ ਇਸ ਨਾਸ਼ੁਕਰੇ (ਗੁਲਾਮ) ਦਾਸ ਨੂੰ ਬਖ਼ਸ਼ ਲਵੋ ਤਾਂ ਇਹ ਆਪ ਦੀ ਵਡਿਆਈ ਹੋਵੇਗੀ, ਆਦਿ ਤੋਂ ਅਤੇ ਜੁਗਾਂ ਜੁਗਾਂ ਤੋਂ ਤੁਸੀਂ ਦਇਆਲੂ ਦਾਤੇ ਹੋ, ਤੁਹਾਥੋਂ ਬਿਨਾ ਸੰਸਾਰ ਤੋਂ ਮੁਕਤੀ ਨਹੀਂ ਪਾਈ ਜਾ ਸਕਦੀ। ਇਨ੍ਹਾਂ ਬਚਨਾਂ ਵਿਚ ਕਿਤਨੀ ਨਿਮਰਤਾ ਹੈ । ਆਪ ਦੀ ਬਾਣੀ ਵਿਚ ਅਨੇਕ ਥਾਂਵਾਂ 'ਤੇ ਆਪ ਨੇ ਆਪਣੇ ਆਪ ਨੂੰ ਦਾਸ, ਸ਼ਾਇਰ, ਜਾਂ ਢਾਢੀ (ਉਸਤਤ ਕਰਨ ਵਾਲਾ) ਦਰਸਾਇਆ ਹੈ। ਕਦੀ ਪੈਗੰਬਰ ਹੋਣ ਦਾ ਦਾਵਾ ਨਹੀਂ ਕੀਤਾ। ਨਾ ਆਪਣੇ ਆਪ ਨੂੰ ਰੱਬ ਦਾ ਯਾਰ ਜਾਂ ਰੱਬ ਦਾ ਪੁੱਤਰ ਹੋਣ ਦਾ ਕਦੀ ਦਾਅਵਾ ਕਰ ਕੇ ਲੋਕਾਂ ਨੂੰ ਆਪਣੇ ਪਿੱਛੇ ਲਾਇਆ, ਗੁਰੂ ਜੀ ਦੀ ਸ਼ਖ਼ਸੀਅਤ ਵਿਚ ਅਤਿ ਦੀ ਨਿਮਰਤਾ ਹੈ।

**(ਪੰਨਾ 23 ਦੀ ਬਾਕੀ)**

*ਗੁਰਸਾਖੀ ਜੋਤਿ ਪਰਗਟੁ ਹੋਇ॥*

ਪ੍ਰਮਾਤਮਾ ਦੀ ਜੋਤ ਸਭ ਦੇ ਅੰਦਰ ਹੈ। ਇਸ ਲਈ ਹਰ ਜੀਵ ਨੂੰ ਪਿਆਰ ਕਰੋ। ਕਿਸੇ ਨਾਲ ਘਿਰਣਾ ਨਾ ਕਰੋ ਕਿਉਂਕਿ ਹਰ ਜੀਵ ਵਿੱਚ ਪ੍ਰਭੂ ਦੀ ਜੋਤ ਪ੍ਰਕਾਸ਼ਮਾਨ ਹੈ ੧ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਭੇਤ ਨੂੰ ਕਈ ਹੋਰ ਥਾਈਂ ਵੀ ਪ੍ਰਗਟ ਕੀਤਾ ਹੈ। ਆਸਾ ਦੀ ਵਾਰ ਵਿੱਚ ਗੁਰੂ ਜੀ ਨੇ ਫੁਰਮਾਇਆ ਹੈ -

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ॥*
*ਅਕਲ ਕਲਾ ਭਰਪੂਰਿ ਰਹਿਆ॥*

ਪ੍ਰਭੂ ਖੁਦ ਸੂਰਜ ਦੀ ਨਿਆਈਂ ਹੈ। ਉਹ ਆਪਣੇ ਆਪ ਵਿੱਚ ਸੰਪੂਰਣ ਹੈ ਪ੍ਰੰਤੂ ਸੂਰਜ ਦੀਆਂ ਕਿਰਣਾਂ ਵਾਂਗ ਉਸ ਦੀ ਜੋਤ ਵਣ ਜੀਵ ਵਿੱਚ ਪ੍ਰਕਾਸ਼ਮਾਨ ਹੈ।

ਇਸ ਲਈ ਸਭ ਜੀਵ ਬਰਾਬਰ ਹਨ। ਕੋਈ ਛੋਟਾ ਵੱਡਾ ਨਹੀਂ ਹੈ। ਕੋਈ ਉਚ-ਨੀਚ ਨਹੀਂ ਸਭ ਬਰਾਬਰ ਹਨ। ਮਾਨਵਤਾ ਹੀ ਧਰਮ ਹੈ। ਫਰਾਂਸ ਕ੍ਰਾਂਤੀ ਵਿੱਚ ਜਿਸ ਬਰਾਬਰੀ ਦਾ ਜ਼ਿਕਰ ਕੀਤਾ ਗਿਆ ਹੈ ਉਹ ਹੁਣ ਤੱਕ ਸੰਸਾਰ ਵਿੱਚ ਕਾਇਮ ਨਹੀਂ ਹੋ ਸਕੇ। ਅੱਜ ਦੀ ਸੰਸਾਰ ਦੇ ਕਈ ਦੇਸ਼ਾਂ ਵਿੱਚ ਕਾਲੇ ਗੋਰੇ ਦੇ ਭੇਦ, ਯਹੂਦੀ ਤੇ ਫਲਸਤੀਨੀ ਦਾ ਭੇਦ, ਸ਼ੀਆ ਤੇ ਸੁਖਮਨੀ ਮੁਸਲਮਾਨ ਦੇ ਭੇਦ ਹਨ। ਦੁਨੀਆਂ ਹੁਣ ਵੀ ਫਿਰਕਿਆਂ ਵਿੱਚ ਵੰਡੀ ਹੋਈ ਹੈ। ਹੁਣ ਵੀ ਕਈ ਦੇਸ਼ਾਂ ਵਿੱਚ ਧਾਰਮਿਕ ਆਜਾਦੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਜਿਤਨੀ ਮਹਤੱਤਾ ਉਸ ਸਮੇਂ ਰੱਖਦੇ ਸਨ, ਉਤਨੀ ਹੁਣ ਵੀ ਰੱਖਦੇ ਹਨ।

ਸੰਸਾਰ ਦੇ ਕਈ ਦੇਸ਼ਾਂ ਵਿੱਚ ਹੁਣ ਵੀ ਇਸਤ੍ਰੀ ਜ਼ਾਤੀ ਨੂੰ ਸਮਾਨ-ਅਧਿਕਾਰ ਨਹੀਂ ਦਿੱਤੇ ਜਾਂਦੇ। ਈਸਾਈ ਧਰਮ ਵਿੱਚ ਹੁਣ ਵੀ ਕੋਈ ਇਸਤ੍ਰੀ ਪਾਦਰੀ ਨਹੀਂ ਬਣ ਸਕਦੀ। ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਨਾ-ਬਰਾਬਰੀ ਖ਼ਤਮ ਕਰਨ ਦਾ ਸੰਦੇਸ਼ ਦਿੱਤਾ ਸੀ, ਉਹ ਹੁਣ ਵੀ ਸਾਰਥਕ ਹੈ। ਜੇ ਸਮਾਜ ਵਿੱਚ ਨਾ-ਬਰਾਬਰੀ ਰਹੇਗੀ ਤਾਂ ਭਾਈਚਾਰਾ ਨਹੀਂ ਰਹਿ ਸਕਦਾ। ਗੁਰੂ ਜੀ ਅਨੁਸਾਰ ਜਦੋਂ ਤੱਕ ਸਮਾਜ ਦੇ ਹਰ ਵਰਗ, ਹਰ ਵਰਣ ਨੂੰ ਬਰਾਬਰ ਦਰਜਾ ਨਹੀਂ ਦਿੱਤਾ ਜਾਂਦਾ, ਸ਼ਾਂਤੀ ਨਹੀਂ ਹੋ ਸਕਦੀ। ਇਸ ਲਈ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੋਂ ਸੰਦੇਸ਼ਾਂ ਨੂੰ ਅਪਨਾਉਣ ਦੀ ਲੋੜ ਹੈ।

ਗੁਰੂ ਨਾਨਕ ਦੇਵ ਜੀ ਅਜਿਹੇ ਆਗੂ ਹੋਏ ਹਨ ਜਿੰਨ੍ਹਾਂ ਨੇ ਈਸ਼ਵਰ ਦੀ ਭਗਤੀ ਦੇ ਨਾਲ ਨਾਲ ਸਮਾਜਿਕ, ਰਾਜਨੀਤਕ ਤੇ ਆਰਥਿਕ ਚੇਤਨਾ ਵੀ ਪੈਦਾ ਕੀਤੀ ਤੇ ਸਮਾਜਿਕ ਨਾ-ਬਰਾਬਰੀ ਨੂੰ ਖਤਮ ਕੀਤਾ ਤੇ ਹਰ ਵਰਗ ਨੂੰ ਬਰਾਬਰ ਅਧਿਕਾਰ ਅਤੇ ਬਰਾਬਰ ਪ੍ਰਤੀਨਿਧਤਾ ਦਾ ਪ੍ਰਸ਼ਨ ਉਠਾਇਆ। ਆਪ ਨਿਰਸੰਦੇਹ ਬਹੁਤ ਵੱਡੇ ਫ਼ਿਲਾਸਫ਼ਰ ਸਨ।

# ਧੰਨ ਧੰਨ ਬਾਬਾ ਨਾਨਕ ਜੀ

*[ਪ੍ਰੋ. ਪੂਰਨ ਸਿੰਘ ਜੀ]*

ਅੱਜ ਬਾਬਾ ਨਾਨਕ ਜੀ ਦਾ ਪੁਰਬ ਹੈ, ਤੇ ਮੇਰਾ ਜੀ ਕੀਤਾ ਹੈ ਕਿ ਗੁਰੂ ਬਾਬੇ ਦੇ ਸਿੱਖ ਅਖਵਾਉਣ ਵਾਲੇ ਬੰਦੇ 'ਮਾਈ ਭਾਈ' ਆਪਣੇ ਗਲਵਾਨ ਵਿਚ ਝਾਤੀ ਪਾ ਕੇ ਤੱਕਣ ਕਿ -

੧. ਅਸੀਂ ਕਲਜੁਗ ਦੀ ਕਾਲੀ ਰਾਤ ਦੀ ਸਮੂਹ ਸੈਨਾ ਨਾਲ ਤਾਂ ਧੜੇਬੰਦੀ ਨਹੀਂ ਪਾ ਰਹੇ?

੨. ਕੀ ਅਸੀਂ ਵਾਹਿਗੁਰੂ ਨੂੰ ਹੀ ਤਾਂ ਨਹੀਂ ਭੁੱਲੀ ਬੈਠੇ?

੩. ਕੀ ਅਸੀਂ ਮੁੜ ਟੁਕੜਿਆਂ ਪਿੱਛੇ ਦਰ ਦਰ ਕੂੜ ਕੁਸੱਤ ਕਰਨ ਵਾਲੇ ਤਾਂ ਨਹੀਂ ਹੋ ਗਏ?

੪. ਕੀ ਸਾਡੇ ਅੰਦਰ ਦਮ-ਬ-ਦਮ 'ਸਤਿਨਾਮੁ' ਦਾ ਵਾਸ ਹੈ ਕਿ ਨਹੀਂ? ਭੂਤਰੇ ਪੰਛੀ ਵਾਂਗ ਐਵੇਂ ਵਹਿਮੀ ਤੇ ਨਕਲਾਂ ਉਚਾਰਨ ਮਾਤਰ ਤਾਂ ਨਹੀਂ? ਕੀ ਸਾਡੇ ਅੰਦਰ ਜਿਸ ਦਾ ਨਾਮ 'ਸਤਿ ਹੈ', ਵੱਸਦਾ ਹੈ ਕਿ ਨਹੀਂ? ਕੀ ਜੋ 'ਨਿਰਭਉ' ਹੈ, ਓਹ ਸਾਡੇ ਅੰਦਰ ਹੈ ਕਿ ਨਹੀਂ?

੫. ਮੌਤ ਥੀਂ ਤਾਂ ਅਸੀਂ ਨਹੀਂ ਡਰ ਰਹੇ?

੬. ਖ਼ੁਦਗ਼ਰਜ਼ੀ ਤੇ ਆਪਣਿਆਂ ਮਨਾਂ ਦੇ ਵਿਸ਼ਿਆਂ ਦੇ ਸਵਾਦਾਂ ਪਿੱਛੇ ਗੁਰੂ ਜੀ ਦਾ ਨਾਮ ਬੇ-ਅਰਥ ਤਾਂ ਨਹੀਂ ਲੈ ਰਹੇ?

੭. ਦਿਨ-ਬਦਿਨ ਸਾਡੇ ਵਿਚ ਮੈਤਰੀ, ਇਨਸਾਨੀ ਦਰਦ, ਦਇਆ, ਉਦਾਰਤਾ ਵਧ ਰਹੇ ਹਨ ਕਿ ਨਹੀਂ?

੮. ਕੰਗਾਲਤਾ, ਕਿਰਪਣਤਾ, ਕਠੋਰਤਾ, ਕੂੜ ਹੱਠ, ਦਿਲ ਦੁਖਾਣਾ, ਕੂੜ, ਫ਼ਰੇਬ, ਚਾਲਾਂ, ਬਾਹਰੋਂ ਹੋਰ ਅੰਦਰੋਂ ਹੋਰ, ਘਟ ਰਹੇ ਹਨ ਕਿ ਵਧ ਰਹੇ ਹਨ?

੯. ਆਪਣੇ ਥੀਂ ਨੀਵਿਆਂ ਨਾਲ ਸਾਡਾ ਕੀ ਸਲੂਕ ਹੈ? ਆਪਣੇ ਮਾਤਹਿਤਾਂ ਨੂੰ ਅਸੀਂ ਚੰਗਾ ਬਸਤਰ, ਚੰਗਾ ਖਾਣ, ਮਿੱਠਾ ਬਚਨ ਤੇ ਮਾਂ-ਪਿਓ ਵਰਗਾ ਪਿਆਰ ਕਰਦੇ ਹਾਂ ਕਿ ਨਹੀਂ?

੧੦. ਇਸਤਰੀ ਜਾਤੀ ਦਾ ਸ਼ੂਦਰਾਂ ਵਾਂਗ ਤ੍ਰਿਸਕਾਰ ਤਾਂ ਨਹੀਂ ਕਰ ਰਹੇ?

੧੧. ਗੁਰੂ ਦੀ ਸ਼ਰਨ ਆ ਕੇ, ਗੁਰੂ ਨਾਮ ਲੈਣ ਵਾਲੇ ਹੋ ਕੇ, ਕੀ ਸਹਿਜ ਸੁਭਾਅ ਦਿਨ-ਬਦਿਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਘਟ ਰਹੇ ਹਨ ਕਿ ਨਹੀਂ?

੧੨. ਕੀ ਗੁਰਮਤੇ ਅਰਥਾਤ ਸਿਖ ਸਾਧ ਸੰਗਤ ਵਿਚ ਪਿਤਾ ਰੂਪ ਦਿੱਸਦਾ ਹੈ ਕਿ ਨਹੀਂ? ਅਸੀਂ ਉਹਦੇ ਪੁੱਤਰ ਇੱਕੋ ਜਿਹੇ ਹਾਂ ਕਿ ਨਹੀਂ, ਚੰਗੇ ਮਾੜੇ ਓਹਦੇ ਹਾਂ ਕਿ ਨਹੀਂ? ਕੀ ਸਾਡੇ ਅੰਦਰ ਉਹਦਾ ਪਿਆਰ ਇਤਨਾ ਤੀਬਰ ਹੈ ਕਿ ਨਹੀਂ, ਕਿ ਉਸ ਦੀ ਖ਼ਾਤਰ ਕੋਈ ਐਸੀ ਘੜੀ ੨੪ ਘੰਟੇ ਵਿਚ ਆਵੇ ਕਿ ਭਰਾਵਾਂ ਦੇ ਔਗੁਣਾਂ ਉਪਰ ਚਾਦਰ ਪਾਉਣ 'ਤੇ ਦਿਲ ਕਰ ਆਉਂਦਾ ਹੋਵੇ ਤੇ ਗੁਰੂ ਦੇ ਹੋਣ ਕਰਕੇ ਉਹਨਾਂ ਨੂੰ ਗਲ ਲਾਉਣ 'ਤੇ ਦਿਲ ਕਰ ਆਉਂਦਾ ਹੋਵੇ? ਦੂਜੇ ਦੇ ਕਸੂਰ ਦੇਖ ਕੇ ਅਸੀਂ ਅਣਡਿੱਠੇ ਕਰ ਸਕਦੇ ਹਾਂ ਕਿ ਨਹੀਂ?

੧੩. ਖ਼ਾਲਸੇ ਵਿਚ 'ਸਾਧੂਤਾ', 'ਮਿੱਠਤਾ', 'ਸਰਲਤਾ' ਵਧ ਰਹੀ ਹੈ ਕਿ ਨਹੀਂ?

੧੪. ਪੰਥ ਨੂੰ ਕੋਈ ਵੱਟਾ ਤਾਂ ਨਹੀਂ ਲਾਇਆ? ਕੀ 'ਖਲਬਲ' ਬੇਚੈਨੀ, ਸੁਰਤ ਦਾ ਖਿੰਡਾਅ ਤੇ ਸੁਰਤ ਦੀ ਕਮਜ਼ੋਰੀ ਕਰਕੇ ਆਪੇ ਨਾਲ ਵੈਰ ਵਿਰੋਧ, ਨਾ-ਇਤਫ਼ਾਕੀ ਦੀਆਂ ਝਈਆਂ ਲੈਣ ਹੋ ਰਹੀਆਂ ਹਨ? ਇਕ ਦੂਜੇ ਨੂੰ ਦੰਦਾਂ ਨਾਲ ਪਾੜਨ ਉੱਤੇ ਤਤਪਰ ਹੋਣ ਵਿਚ ਮੇਰਾ ਤੇ ਮੇਰੇ ਲਵਾਹਿਕੀਨ ਦਾ ਕਿੰਨਾ ਕਸੂਰ ਹੈ? ਹਾਂ, ਸ਼ਖ਼ਸੀ ਤੇ ਸਮੂਹੀ

ਰੂਪ ਵਿਚ ਮਨਮੁਖਤਾ ਦਾ ਵਾਧਾ ਮੇਰੀ ਜਾਤ ਯਾ ਮੇਰੇ ਮਿੱਤਰਾਂ, ਪਾਰਟੀਆਂ ਕਰਕੇ ਕਿਤਨਾ ਹੋ ਰਿਹਾ ਹੈ? ਜੇ ਹੋ ਰਿਹਾ ਹੈ ਤੇ ਜਦ ਤਕ ਮੈਂ ਗੁਰਮੁਖਤਾ ਦਾ ਜਗਿਆਸੂ ਨਾ ਬਣਾਂ, ਮੈਂ ਗੁਰੂ ਦੇ ਪੰਥ ਨੂੰ, ਗੁਰੂ ਦੇ ਨਾਮ ਨੂੰ ਵੱਟਾ ਲਾ ਰਿਹਾ ਹਾਂ ਕਿ ਨਹੀਂ?

੧੫. ਕੀ ਇਸ ਕਲਜੁਗ ਵਿਚ ਜਿਥੇ ਹਰ ਕੋਈ ਆਪਣੇ ਸ਼ਖ਼ਸੀ ਤੇ ਕੌਮ ਦੇ ਜੁੱਸੇ ਦੀ ਪਾਲਣਾ ਦੇ ਆਹਰ ਵਿਚ ਹੈ ਤੇ ਉਸ ਅਸੂਲ ਉੱਤੇ ਕੁਲ ਨਿਆਂਕਾਰੀ ਤੇ ਕੂੜ ਨੂੰ ਆਪਣੀਆਂ ਧਰਮ ਪੁਸਤਕਾਂ ਦਵਾਰਾ ਸੱਚ ਸਾਬਤ ਕਰਨ ਦੇ ਯਤਨ ਕਰ ਰਿਹਾ ਹੈ, ਖ਼ਾਲਸਾ ਧਰਮ ਗੁਰੂ ਸਾਹਿਬ ਨੇ ਵੀ ਬਸ ਹੋਰਨਾਂ ਵਾਂਗ 'ਚਮ ਦਾ ਬੱਕਰਾ' ਪਾਲਣ ਨੂੰ ਹੀ ਬਣਾਇਆ ਸੀ? ਯਾ ਜਿਵੇਂ ਦਸਵੇਂ ਪਾਤਿਸ਼ਾਹ ਜੀ ਹੁਕਮ ਦੇਂਦੇ ਹਨ –

*ਬਿਨੁ ਏਕ ਨਾਮ ਇਕ ਚਿਤ ਲੀਨ॥*
*ਫੋਕਟ ਸਰਬ ਧਰਮਾ ਬਿਹੀਨ॥*

ਤੇ ਫੇਰ –

*ਸਭ ਕਰਮ ਫੋਕਟ ਜਾਨ॥*
*ਸਬ ਧਰਮ ਨਿਹਫਲ ਮਾਨ॥*
*ਬਿਨੁ ਏਕ ਨਾਮ ਅਧਾਰ॥*
*ਸਬ ਕਰਮ ਭਰਮ ਵਿਚਾਰ॥*
*ਜੇ ਜੋ ਬਾਕਿ ਕਰਤ ਹੰਕਾਰਾ॥*
*ਤਿਨ ਤੇ ਭਿੰਨ ਰਹਤ ਕਰਤਾਰਾ॥*
*ਬੇਦ ਕਤੇਬ ਬਿਖੈ ਹਰਿ ਨਾਹੀ॥*
*ਜਾਨ ਲੋਹੁ ਹਰਿ ਜਨ ਮਨ ਮਾਹੀ॥*
*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

੧੬. ਕੀ ਅਸੀਂ ਹੋਰਨਾਂ ਮਜ਼੍ਹਬਾਂ ਵਾਂਗ ਇਕ ਗੱਲਾਂ ਕਰਨ ਵਾਲਾ ਟੋਲਾ ਹੋ ਗਏ ਹਾਂ? ਯਾ 'ਕਿਰਤ ਕਰਨੀ', 'ਚੁੱਪ ਰਹਿਣਾ', 'ਨਾਮ ਜਪਣਾ', 'ਵੰਡ ਛਕਣਾ' ਸਤਿਗੁਰੂ ਜੀ ਦੇ ਜੀਵਨ ਚਰਿਤਰਾਂ ਦੇ ਪੂਰਨਿਆਂ 'ਤੇ ਟੁਰਨਾ ਸਾਡਾ ਧਰਮ ਹੈ? ਬਾਬਾ ਜੀ ਜਿਥੇ ਜਾਂਦੇ ਸੀ, ਪਹਿਲੇ ਨਿਰੰਕਾਰ ਦੀ ਧੁਨੀ ਦੁਆਰਾ ਸਭ ਕਾਵਾਂ ਰੌਲਾ ਚੁੱਪ ਕਰਾਂਦੇ ਸੀ।

*ਆਜਾ ਕਿ ਸੁਲਤਾਨ ਖੈਮਾ ਜਦ ਗੌਗਾ ਨ ਮਾਂਦ ਆਮ ਰਾ।*

ਖ਼ਾਲਸਾ ਸਜਾਇਆ, ਆਪਣਾ ਬਣਾਇਆ; ਆਮ ਥੀਂ ਉੱਚਾ ਕੀਤਾ। ਉਹ ਅੰਦਰ ਦੀ ਉਚਾਈ ਸਾਡੇ ਵਿਚ ਕਿੰਨੀ ਹੈ? ਦਿਨੋ ਦਿਨ ਵਧ ਰਹੀ ਹੈ ਕਿ ਘਟ ਰਹੀ ਹੈ? ਸਾਡੇ ਖ਼ਿਆਲ ਨੀਵਾਣਾਂ ਖੋਹਾਂ ਵਿਚ ਵਹਿਸ਼ੀ ਜਾਨਵਰਾਂ ਵਾਂਗ ਵੜ ਰਹੇ ਹਨ ਕਿ ਬਾਜ਼ਾਂ ਵਾਲੇ ਦੇ ਚਿੱਟੇ ਬਾਜ਼ਾਂ ਵਾਂਗ ਉੱਚੇ ਮੰਡਲਾਂ ਵਿਚ ਉੱਡ ਰਹੇ ਹਨ? ਸੱਚੇ ਪਾਤਿਸ਼ਾਹਾਂ ਨੇ ਸਤਿਨਾਮ ਦੇ ਝੰਡੇ ਲਾਏ ਸਨ ਸਤਿਨਾਮ ਸਚ' ਹੇਠ ਗ਼ਰੀਬਾਂ ਗੁਰਬਿਆਂ ਨੂੰ ਦੀ ਸੱਦਿਆ ਸੀ ਤੇ ਰਾਜਿਆਂ ਨੂੰ ਵੀ ਸੱਦਿਆ ਸੀ। ਰਾਜੇ ਦੁਰਪਿਆਰੇ ਨਹੀਂ ਸਨ :

*ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ॥*

ਕੀ ਸਾਡੀ ਸੁਰਤਿ ਵਿਚ ਰੱਬੀ ਬਰਾਬਰਤਾ, ਰੱਬੀ ਦਇਆ, ਰੱਬੀ ਨਿਆਂ, ਰੱਬੀ ਸੱਚ, ਰੱਬੀ ਉਚਾਈ, ਰੱਬੀ ਮਿੱਤਰਤਾ, ਰੱਬੀ ਬਖ਼ਸ਼ਿਸ਼, ਰੱਬ ਜੀ ਦੇ ਗੁਣ ਸਹਿਜੇ ਸਹਿਜੇ ਆ ਰਹੇ ਹਨ ਕਿ ਜਾ ਰਹੇ ਹਨ?

੧੭. ਜਿਨ੍ਹਾਂ ਗੁਰਾਂ ਦਾ ਨਾਮ ਲੈ ਕੇ ਅਸੀਂ ਅਰਦਾਸ ਕਰਦੇ ਹਾਂ, ਉਹ ਆਪੇ ਥੀਂ ਵੱਧ ਚੰਗੇ ਲੱਗਦੇ ਹਨ ਕਿ ਆਪਾ ਵੱਧ ਚੰਗਾ ਲੱਗਦਾ ਹੈ? ਆਪੇ ਵਿਚ ਆਪਣੇ ਖ਼ਿਆਲ ਰਾਵਾਂ ਬੱਧ ਵਿਰਸੇ ਵਿਚ ਆਏ, ਵਹਿਮ, ਪਤਾ, ਰਬਿਆਕਾਰੀਆਂ, ਖੁਦਰਾ ਰਚੀਆਂ ਸਭ ਸ਼ਾਮਿਲ ਹਨ, ਜੋ ਆਪਾ ਚੰਗਾ ਲੱਗਦਾ ਹੈ, ਤਦ ਸਿੱਖੀ ਹਾਲੇ ਨੇੜੇ ਨਹੀਂ ਆ ਰਹੀ। 'ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।' ਕਿਧਰੇ 'ਚੜ੍ਹਦੀ ਕਲਾ' ਮੱਤ ਉੱਚੀ ਅਹੰਕਾਰ ਦੇ ਜੱਫੇ 'ਚ ਹੀ ਤਾਂ ਨਹੀਂ?

੧੮. ਕੀ ਰੱਬ ਹਾਜ਼ਰ ਨਾਜ਼ਰ ਦਿੱਸਦਾ ਹੈ; ਕੁਦਰਤ ਵਿਚ 'ਕੁਦਰਤ-ਵਸਿਆ' ਦਾ ਕਦੀ ਦੀਦਾਰ ਕੀਤਾ ਹੈ?

ਜੇ ਸੁਰਤ ਵੇਚ ਕੇ ਰੋਟੀ ਕਮਾਈ ਜਾ ਰਹੀ ਹੈ, ਤਦ ਸੁਰਤ ਅਕਾਲੀ ਕਿੱਥੇ? ਤੇ ਜੇ ਪਾਪ ਪੁੰਨ ਦੀ ਮਿੱਟੀ ਛਾਣ ਕੇ ਰੋਟੀ ਦਾ ਹੀ ਆਹਰ ਹੋ ਰਿਹਾ ਹੈ, ਤਦ 'ਰੋਟੀਆ ਕਾਰਣਿ ਪੂਰਹਿ ਤਾਲ' ਤੇ ਸਿੱਖਾਂ ਵਿਚ ਕੀ ਫ਼ਰਕ ਹੈ? ਫਿਰ ਆਪਣੇ ਥੀਂ ਨੀਵੇਂ ਭਰਾਵਾਂ ਉਪਰ ਜਬਰ ਕੀ? ਆਪਣੇ ਥੀਂ ਕਮਜ਼ੋਰ ਵੀਰਾਂ ਉਪਰ ਨੱਕ ਚੜ੍ਹਾਵਨਾ, ਨੱਕ ਚਾੜ੍ਹਨਾ ਕੀ? ਜੇ ਆਪ ਵਿੱਚੋਂ 'ਖ਼ੁਦਗਰਜ਼ੀ' ਅਹੰਕਾਰ ਨਹੀਂ ਗਿਆ ਤੇ ਆਪਣੀ ਰਾਏ ਤੇ ਖ਼ਿਆਲ, ਦੇਵ ਬਾਣੀ ਦੇ ਤੁੱਲ ਯਾ ਉਸ ਥੀਂ ਵੀ ਉੱਚੇ ਲੱਗਦੇ ਹਨ, ਤਦ ਆਪਣੇ ਥੀਂ ਜ਼ਰਾ ਵੱਧ ਕਸੂਰ ਵਾਲਿਆਂ 'ਤੇ ਕਰੋਪਵਾਨਗੀ ਕੀ? ਤੇ ਕਿਉਂ?

ਜੇ 'ਗੁਰਮੁਖਤਾਈ' ਦੀ ਜਗਿਆਸਾ ਆਪਣੇ ਦਿਲ

ਵਿਚ ਨਹੀਂ ਆਈ, ਤਦ ਆਪ ਥੀਂ ਵੱਧ ਹਨੇਰੇ ਵਿਚ ਪਏ ਭਰਾਵਾਂ ਉਪਰ ਇਹ ਸਰਦ ਮਿਹਰੀ ਕੀ? ਜੋ ਰੁਪੈ-ਪੈਸੇ, ਜਾਇਦਾਦ ਵੰਡਣ ਦੇ ਝਗੜੇ ਸਾਡੀ ਸੁਰਤ ਨੂੰ ਨਾਮ ਗੁਰੂ ਸੱਚ ਥੀਂ ਛੁਡਾ ਰਹੇ ਹਨ, ਤਦ ਚੂੰ ਕੁਫ਼ਰ ਅਜ਼ ਕਾਅਬਾ ਬਰਖੇਜ਼ਦ ਕੁਜਾ ਮਾਨਦ ਮੁਸਲਮਾਨੀ ਵਾਲੀ ਗੱਲ ਹੋ ਰਹੀ ਹੈ ਕਿ ਨਹੀਂ? ਸਿੱਖੀ ਸਤਿਗੁਰ ਨੇ ਕਲਜੁਗ ਦੇ ਹਨੇਰੇ ਨੂੰ ਕੱਟਣ ਲਈ ਰਚੀ ਸੀ। ਸਾਡੇ ਅੰਦਰ ਇਲਾਹੀ ਪ੍ਰਕਾਸ਼ ਕਿੰਨਾ ਕੁ ਹੈ ਤੇ ਕਲਜੁਗ ਕਿੰਨਾ ਕੁ ਹੈ? ਗੱਲਾਂ ਨਾਲ ਨਹੀਂ, ਤਰਾਜ਼ੂ ਉਪਰ ਪਿੱਛੇ ਵਜ਼ਨ ਰੱਖ ਕੇ -

ਜੇ ਦੁਨੀਆ ਵਿਚ ਦ੍ਵੈਤਾ ਹੈ,
ਸਾਡੇ ਵਿਚ ਕਿੰਨੀ ਏਕਤਾ ਹੈ?
ਜੇ ਦੁਨੀਆ ਵਿਚ ਖੁਦਗਰਜ਼ੀ ਹੈ,
ਸਾਡੇ ਵਿਚ ਕਿੰਨੀ ਬੇਗਰਜ਼ੀ ਹੈ?
ਜੇ ਦੁਨੀਆ ਵਿਚ ਨਫ਼ਰਤ ਵਸਦੀ ਹੈ,
ਸਾਡੇ ਵਿਚ ਕਿੰਨਾ ਪਿਆਰ ਹੈ?
ਜੇ ਦੁਨੀਆ ਨੂੰ ਵਾਹਿਗੁਰੂ ਦਾ ਭੈਅ ਨਹੀਂ,
ਸਾਡੇ ਵਿਚ ਕਿੰਨਾ ਭੈਅ ਹੈ?
ਜੇ ਦੁਨੀਆ ਮਨਮੁਖ ਹੈ,
ਸਾਡੇ ਵਿਚ ਕਿੰਨੀ ਗੁਰਮੁਖਤਾ ਹੈ?

ਜੇ ਦੁਨੀਆ ਵਿਚ ਮਜ਼੍ਹਬਾਂ ਦੇ ਝਗੜੇ ਹਨ, ਤਦ ਸਾਡੇ ਵਿਚ ਕਿੰਨਾ ਕੁ ਨਰੋਲ ਪਿਆਰ ਹੈ?

ਕੀ ਅਸੀਂ ਗੁਰਬਾਣੀ ਨੂੰ ਅਮਲੀ ਜ਼ਿੰਦਗੀ ਥੀਂ ਚੁੱਕ ਕੇ ਵਾਦ-ਵਿਵਾਦ, ਅਕਲ ਤੇ ਮੁਲਕ ਵਿਚ ਤਾਂ ਨਹੀਂ ਸੁੱਟ ਰਹੇ?

ਜੇ ਦੁਨੀਆ ਵਿਚ ਲੜਾਈ, ਫ਼ਸਾਦ, ਜਰ, ਜੋਰੂ, ਜਮੀਨ ਪਿੱਛੇ ਕੀ ਸ਼ਖ਼ਸੀ ਤੇ ਕੌਮੀ ਪਏ ਹੁੰਦੇ ਹਨ, ਤਾਂ ਕੀ ਅਸੀਂ ਵੀ ਉਨ੍ਹਾਂ ਗੱਲਾਂ ਲਈ ਸਿੱਧੇ ਯਾ ਪੁੱਠੇ ਵੈਸੇ ਹੀ ਮਰ ਤਾਂ ਨਹੀਂ ਰਹੇ।

ਇਉਂ ਆਪਣੇ ਗਲਵਾਨ ਵਿਚ ਕੰਘੀ ਮਾਰ ਕੇ ਰੋਜ਼ ਤੱਕੀਏ। ਅੱਜ ਉਸ ਅਵਤਾਰੀ ਜੋਤੀ ਦਾ ਪ੍ਰਕਾਸ਼ ਦਿਨ ਹੈ। ਅੱਜ ਥੀਂ ਸ਼ੁਰੂ ਕਰੀਏ ਤੇ ਸਦਾ ਅਰਦਾਸ ਵਿਚ ਰਹੀਏ। ਅਸੀਂ 'ਤੇਰੇ-ਤੇਰੇ' ਦਾ ਜਪ ਕਰੀਏ ਤੇ ਸਾਈਂ ਸਾਨੂੰ ਇਸ ਘੋਰ ਕਲਜੁਗ, ਜਿਸਮਾਨੀ ਕਲਜੁਗ ਵਿਚੋਂ ਕੱਢ ਕੇ ਆਪਣੇ ਵੱਲ ਕਰੇ 'ਗੁਰਮੁਖਤਾ' ਬਖ਼ਸ਼ੇ; ਸਾਨੂੰ ਆਪਣਾ ਨਾਮਧਰੀਕ ਕਰੇ, ਸਾਨੂੰ ਬਖ਼ਸ਼ਿਆਂ ਵਿਚ ਰੱਖੇ, ਸਾਨੂੰ ਆਪਣੇ ਸਾਜੇ 'ਖ਼ਾਲਸੇ' ਵਿਚ ਥਾਂ ਦੇਵੇ; ਆਪਣੇ ਚਰਨਾਂ ਦੀ ਪ੍ਰੀਤੀ ਦੇ, ਸਿੱਖੀ ਕੇਸਾਂ ਸਵਾਸਾਂ ਸਾਥ ਦੇਵੇ। 'ਸੋਈ ਸਜਨ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।" ਸਾਈਂ ਵਾਲਿਓ! ਗੁਰੂ ਵਾਲਿਓ! ਦਸਵੇਂ ਪਾਤਿਸ਼ਾਹ ਨੇ ਸਾਡੀਆਂ ਬਾਹਰਮੁਖੀ ਬਨਾਵਟਾਂ ਨੂੰ ਆਪਣੀ ਤਲਵਾਰ ਨਾਲ ਕੱਟਿਆ ਹੈ; ਬਾਹਰਮੁਖੀ ਬਨਾਵਟਾਂ ਨੂੰ ਆਪਣੇ ਦਰਬਾਰ ਵਿਚ ਥਾਂ ਨਹੀਂ ਦਿੱਤੀ, ਤੇ ਆਪ ਜੀ ਨੇ ਆਪਣੇ ਕਬਿੱਤ ਵਿਚ ਇਸ ਸਭ ਨੂੰ ਨਿਹਫਲ ਦੱਸਿਆ ਹੈ ਤੇ ਹੁਕਮ ਕੀਤਾ ਹੈ:

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

ਤੇ ਆਪਣੇ ਕਬਿੱਤ ਵਿਚ ਫ਼ਰਮਾਂਦੇ ਹਨ -

*ਅੰਗਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ,*
*ਏਕ ਗਿਆਨ ਕੇ ਬਿਹੀਨ,*
*ਛੀਨ ਕੈਸੇ ਕੈ ਤਰਤ ਹੈਂ॥੧॥੭੧॥....*
*(ਸਵੱਯੇ ਪਾ: ੧੦)*

*ਕਾਮਨਾ ਅਧੀਨ, ਕਾਮ ਕ੍ਰੋਧ ਮੈਂ ਪ੍ਰਬੀਨ,*
*ਏਕ ਭਾਵਨਾ ਬਿਹੀਨ, ਕੈਸੇ ਭੇਟੈ ਪਰਲੋਕ ਸੌ॥੧੦॥੮੦॥*
*(ਅਕਾਲ ਉਸਤਤ)*

*ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥*
*ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥*
*ਅੰਗ - ੨੮*

---

*(ਪੰਨਾ 26 ਦੀ ਬਾਕੀ)*

ਇਕ ਖਾਸ ਚੋਜ ਹੈ। ਗੁਰਬਾਣੀ ਦੀ ਲੜੀਵਾਰਤਾ ਵਿੱਚ ਮਨ ਦੀ ਇਕਾਗਰਤਾ ਹੈ, ਨਿਰਮਾਣਤਾ ਹੈ, ਹਉਮੈ ਦਾ ਅਭਾਵ ਹੈ, ਆਤਮਿਕ ਹੁਲਾਰੇ ਹਨ ਅਤੇ ਭੈ-ਭਾਵਨੀ ਸਹਿਤ ਸੇਵਾ ਦਾ ਚਾਅ ਹੈ। ਗੁਰੂ ਦੀ ਵਡਿਆਈ ਕਰਨ ਦਾ ਭਾਵ ਹੈ ਕਿ ਗੁਰਸਿੱਖ ਨੂੰ ਗੁਰੂ ਦਾ ਸਭ ਕੁਝ ਹੀ - ਗੁਰੂ ਦਾ ਹੁਕਮ, ਗੁਰੂ ਦੀ ਰਜ਼ਾ, ਗੁਰੂ ਦਾ ਨਾਮ, ਗੁਰੂ ਦਾ ਰੂਪ (ਦਰਸ਼ਨ), ਬ-ਸਰੋ-ਚਸ਼ਮ ਮਨਜ਼ੂਰ ਹੈ। ਯਥਾ -

*ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ॥ ਅੰਗ - ੬੯੩*

ਅਤੇ ਉਹ ਧੁਰ-ਧੁਰੰਦਰੀ ਗੁਰ ਦਰਸਾਇਆ ਰੂੜੋ-ਰੂਪ ਲੜੀਦਾਰ ਰੂਪ ਹੈ। ਚਾਤੁਰ ਮਨ-ਘੜਤ ਪਦ-ਛੇਦ ਰੂਪ ਨਹੀਂ। ਆਓ ਆਪਾਂ ਸਾਰੇ ਪਿਛਲੀਆਂ ਭੁਲਾਂ ਬਖਸ਼ਾ ਕੇ ਗੁਰੂ ਨਾਨਕ ਸੰਵਾਰੇ ਲੜੀਦਾਰ ਸਰੂਪ ਦੇ ਚਰਨੀਂ ਲੱਗੀਏ। ਇਹੋ ਹੀ ਸਤਿਗੁਰੂ ਦੀ ਵਡਿਆਈ ਹੈ।

# ਅਕਾਲ ਪੁਰਖ ਨਾਲਿ ਸਦਾ ਅਭੇਦ ਗੁਰੂ ਨਾਨਕ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]*

ਖੰਡਾਂ ਬ੍ਰਹਿਮੰਡਾਂ ਦਾ ਉਧਾਰ-ਨਿਸਤਾਰਾ ਕਰਨ ਵਿਚ ਸਦਾ ਸਦਾ ਰੁੱਝੇ ਰਹਿਣ ਵਾਲੇ ਗੁਰੂ ਨਾਨਕ ਸਾਹਿਬ ਜੋਤਿ ਨਿਰੰਜਨੀ ਅਕਾਲ ਪੁਰਖ ਦੀ ਜੋਤਿ ਵਿਖੇ ਸਦਾ ਲੀਨ ਰਹਿੰਦੇ ਹਨ। ਜੋਤਿ ਕਰਕੇ ਓਤਿ ਪੋਤਿ ਅਕਾਲ ਪੁਰਖ ਸੇਤੀ ਇੱਕ-ਮਿੱਕ ਰਹਿਣ ਵਾਲੇ ਗੁਰੂ ਨਾਨਕ ਆਪਣੀ ਵਿਸਮਾਦ ਰੰਗਾਂ ਵਿਚ ਖੇਡਣ ਵਾਲੀ ਲੋਇਣ-ਦ੍ਰਿਸ਼ਟੀ, ਅਦ੍ਰਿਸ਼ਟ ਅਕਾਲ ਪੁਰਖ ਦੇ ਲਿਵ-ਰੰਗਾਂ ਵਿਚ ਸਦਾ ਹੀ ਲੀਨ ਰੱਖਦੇ ਹਨ। ਉਹਨਾਂ ਦੀ ਦ੍ਰਿਸ਼ਟੀ ਸਦਾ ਹੀ ਵਾਹਿਗੁਰੂ ਨਾਲ ਜੁੜੀ ਰਹਿੰਦੀ ਹੈ। ਇੱਕ ਨਿਮਖ ਮਾਤਰ ਭੀ ਅਦ੍ਰਿਸ਼ਟ ਅਕਾਲ ਪੁਰਖ ਦੇ ਵਿਸਮਾਦੀ ਰੰਗਾਂ ਨੂੰ ਪੇਖਣ ਵਿਚ ਗੱਡੀ ਰਹਿਣ ਤੋਂ ਲਾਂਭੇ ਨਹੀਂ ਹੁੰਦੀ। ਦ੍ਰਿਸ਼ਟਮਾਨ ਪਦਾਰਥਾਂ ਤੋਂ ਸਦਾ ਉਚੇਰੇ ਰਹਿਣ ਵਾਲੇ ਸਤਿਗੁਰੂ ਨਾਨਕ ਅਦ੍ਰਿਸ਼ਟ ਵਾਹਿਗੁਰੂ ਨਿਰੰਕਾਰ ਨੂੰ ਸਦਾ ਹੀ 'ਨੇਰੇ ਹੂ ਤੇ ਨੇਰੇ' ਪੇਖਦੇ ਹਨ। ਜੈਸੇ ਕਿ 'ਲੋਇਣ ਦੇਖਿ ਰਹੇ ਬਿਸਮਾਦੀ' ਗੁਰਵਾਕ ਦਾ ਭਾਵ ਹੈ।

ਜੋ ਅਕਾਲ ਪੁਰਖ ਵਾਹਿਗੁਰੂ ਸੰਸਾਰੀ ਜੀਵਾਂ ਲਈ ਸਦਾ ਅਦ੍ਰਿਸ਼ਟ ਹੈ, ਉਹ ਗੁਰੂ ਨਾਨਕ ਨਿਰੰਕਾਰੀ ਦੇ ਸਾਂਗੋ-ਪਾਂਗ ਦ੍ਰਿਸ਼ਟ-ਗੋਚਰਾ ਹੀ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਦੀ ਦਿੱਬਯ ਦ੍ਰਿਸ਼ਟੀ ਅਕਾਲ ਪੁਰਖ ਨੂੰ ਸਦਾ ਹੀ ਪਰਤੱਖ ਪੇਖਣ-ਹਾਰੀ ਰਹਿੰਦੀ ਹੈ। ਏਸੇ ਦਿੱਬਯ-ਦ੍ਰਿਸ਼ਟੀ ਦੁਆਰਾ ਵਾਹਿਗੁਰੂ ਨੂੰ ਸਦਾ ਪੇਖਣਹਾਰੇ ਹੋਣ ਕਰਕੇ ਗੁਰੂ ਨਾਨਕ ਸਾਹਿਬ ਸਦਾ ਹੀ ਵਾਹਿਗੁਰੂ ਨਾਲ ਅਭੇਦ ਰਹਿੰਦੇ ਹਨ। ਅਕਾਲ ਪੁਰਖ ਵਾਹਿਗੂਰੂ ਦੇ ਹੁਕਮ ਨਾਲ ਭੇਜੇ ਹੋਏ ਗੁਰੂ ਨਾਨਕ ਸਾਹਿਬ ਇਕ ਛਿਨ ਮਾਤਰ ਭੀ ਅਕਾਲ ਵਾਹਿਗੁਰੂ ਦੂਰ ਨਹੀਂ ਹੁੰਦੇ।

ਜਿਸ ਪ੍ਰਕਾਰ ਸਤਿਗੁਰੂ ਨਾਨਕ ਸਾਹਿਬ ਲੋਇਣ ਦ੍ਰਿਸ਼ਟੀ ਕਰਕੇ ਸਦਾ ਹੀ ਵਾਹਿਗੁਰੂ ਜੋਤੀ ਸਰੂਪ ਨੂੰ ਪੇਖਦੇ ਪਰਸਦੇ ਰਹਿੰਦੇ ਹਨ, ਇਸੇ ਪ੍ਰਕਾਰ ਸ੍ਰਵਣਾਂ ਕਰਕੇ ਗੁਰੂ ਨਾਨਕ ਸਾਹਿਬ ਛਿਨ ਛਿਨ ਪਾਰਸ-ਰਸਾਇਣੀ-ਅੰਮ੍ਰਿਤੀ-ਅਨਹਤ ਵਾਜੇ ਸੁਣਦੇ ਰਹਿੰਦੇ ਹਨ। ਜੈਸਾ ਕਿ: 'ਸੁਨੀਐ ਬਾਜੈ ਬਾਜ ਸੁਹਾਵੀ' ਦੇ ਗੁਰਵਾਕ ਦੇ ਭਾਵ ਤੋਂ ਪ੍ਰਗਟ ਹੈ ਕਿ ਜਿਨ੍ਹਾਂ ਵਾਜਿਆਂ ਦੀ ਆਵਾਜ ਦੁਨਿਆਵੀ ਵਾਜਿਆਂ ਤੋਂ ਅਤੀ ਸੁੰਦਰ ਅਤਿ ਵਿਲੱਖਣ ਹੁੰਦੀ ਹੈ, ਐਸੇ ਅਨੂਪਮ ਅਨਹਤ ਵਾਜੇ ਸੁਣਨ ਵਿਚ ਗੁਰੂ ਨਾਨਕ ਸਾਹਿਬ ਦੀ ਸ੍ਰੋਤ-ਬਿਰਤੀ ਸਦਾ ਮਹਿਵ ਅਤੇ ਮਤਵਾਰੀ ਰਹਿੰਦੀ ਹੈ। ਏਸੇ ਕਰਕੇ ਹੀ ਗੁਰੂ ਨਾਨਕ ਸਾਹਿਬ ਦੀ ਪਾਰਸ-ਛੋਹ ਪਰਸਨਹਾਰੇ ਸੁਭਾਗਿਆਂ ਅਤੇ ਸੁਹਾਗਵੰਤਿਆਂ ਨੂੰ ਤੱਤ ਛਿਨ ਵਿਚ ਹੀ ਲਿਵ- ਸਰਨਾਗੇ ਕਰ ਲੈਂਦੀ ਹੈ। ਐਸੀ ਆਕ੍ਰਖਣੀ-ਕ੍ਰਿਸ਼ਮ-ਕਲਾ ਕੇਵਲ ਨਾਨਕ ਨਿਰੰਕਾਰੀ ਦੇ ਦਿੱਬਯ ਗੁਰੂ ਜੋਤਿ ਜਾਮੇ ਅੰਦਰਿ ਹੀ ਹੈ। ਖੰਡਾਂ ਬ੍ਰਹਿਮੰਡਾਂ ਦੇ ਉਧਾਰਨ ਨਿਸਤਾਰਨਹਾਰੇ ਗੁਰੂ ਨਾਨਕ ਸਾਹਿਬ ਧੁਰੋਂ ਬਖਸ਼ਿਆ ਹੋਇਆ ਗੁਰੱਤਤਾ ਦਾ ਕਾਰਜ ਕਰਦੇ ਹੋਏ ਆਪਣੇ ਮਹਿਬੂਬ ਵਾਹਿਗੁਰੂ ਦੀ ਜੋਤਿ ਨਾਲ ਜੋਤਿ ਸਦਾ ਮਿਲਾਈ ਰੱਖਦੇ ਹਨ।

ਇਹ ਗੱਲ ਕਹਿਣੀ ਮਹਾਂ ਅਗਿਆਨਤਾ ਹੈ ਕਿ ਸੰਸਾਰ ਨੂੰ ਉਧਾਰਨ ਵਿਚ ਰੁੱਝੇ ਹੋਏ ਗੁਰੂ ਨਾਨਕ ਨਿਰੰਕਾਰੀ, ਨਿਰੰਕਾਰ ਵਾਹਿਗੁਰੂ ਤੋਂ ਪਰੇਡੇ ਹੋ ਜਾਂਦੇ ਹਨ ਜਾਂ ਵਾਹਿਗੁਰੂ ਦੀ ਹਜ਼ੂਰੀ ਤੋਂ ਦੂਰ ਹੋ ਜਾਂਦੇ ਹਨ। ਅੰਮ੍ਰਿਤ-ਦ੍ਰਿਸ਼ਟੀ ਵਾਲੇ ਗੁਰੂ ਨਾਨਕ ਸਾਹਿਬ ਦੀ ਅੰਮ੍ਰਿਤ-ਦ੍ਰਿਸ਼ਟੀ ਅਤੇ ਅੰਮ੍ਰਿਤ-ਸੁਰਤੀ ਬਿਰਤੀ ਸਦਾ ਹੀ ਸੱਚੀ ਲਿਵਤਾ ਵਿਚ ਹੀ ਪ੍ਰੋਤੀ ਰਹਿੰਦੀ ਹੈ।

ਜਿਤਨੇ ਭੀ ਗੁਰੂ-ਜੋਤਿ-ਜਾਮੇ ਹੋਏ ਹਨ, ਜੀਆ-ਦਾਨੀ ਪਰਉਪਕਾਰ ਨਮਿਤ ਸੰਸਾਰ ਵਿਚ ਰਹਿੰਦੇ ਹੋਏ ਭੀ ਵਾਹਿਗੁਰੂ ਨਿਰੰਕਾਰ ਦੀ ਜੋਤਿ ਨਾਲ ਖਿਨ ਖਿਨ ਜੁੜੇ ਰਹਿੰਦੇ ਸਨ। ਸਦਾ ਹੀ ਅਭੇਦ ਵਰਤਦੇ ਸਨ। ਇਕ ਖਿਨ ਭੀ ਜੋਤੀ ਸਰੂਪ ਵਾਹਿਗੁਰੂ ਤੋਂ ਭਿੰਨ ਨਹੀਂ ਹੁੰਦੇ ਸਨ। ਹੁਣ ਭੀ ਸੰਸਾਰੀ ਜੀਵਾਂ ਦੇ ਨਿਸਤਾਰਨ ਲਈ ਨਿਰੰਕਾਰੀ ਗੁਰੂ ਨਾਨਕ ਜਦੋਂ ਭੀ ਜਗਤ ਵਿਖੇ ਆਉਂਦਾ ਹੈ ਤੇ ਆਪਣੀ ਜੋਤਿ ਜਗਾਉਂਦਾ

ਹੈ ਤਾਂ ਵਾਹਿਗੁਰੂ ਨਿਰੰਕਾਰ ਸੇਤੀ ਉਹ ਜੁੜਿਆ ਹੀ ਰਹਿੰਦਾ ਹੈ। ਨਿਰੰਕਾਰੀ ਗੁਰੂ ਨਾਨਕ ਸਾਹਿਬ ਦੀ ਅਭੇਦ ਵਰਤਣ ਵਾਹਿਗੁਰੂ ਨਾਲ ਬਣੀ ਹੀ ਰਹਿੰਦੀ ਹੈ।

ਦਿੱਬਯ ਜੋਤੀ ਸਰੂਪ ਗੁਰੂ ਨਾਨਕ ਸਾਹਿਬ ਆਪਣੀ ਦਿੱਬਯ ਦੇਹ ਸਹਿਤ ਪਾਤਰ ਗੁਰਸਿਖਾਂ ਨੂੰ ਦਰਸ਼ਨ ਦਿੰਦਾ ਹੋਇਆ ਕਦੇ ਭੀ ਨਿਰੰਕਾਰ ਵਾਹਿਗੁਰੂ ਦੇ ਸਚਖੰਡ-ਵਾਸ ਤੋਂ ਜੁਦਾ ਨਹੀਂ ਹੁੰਦਾ। ਇਹ ਇਕ ਐਸਾ ਭੇਦ ਹੈ ਜਿਸ ਨੂੰ ਸੰਸਾਰ-ਕਾਰ ਬੁਧੀ ਵਾਲੇ ਜੀਵ ਨਹੀਂ ਜਾਣ ਸਕਦੇ। ਨਿਰੰਕਾਰ ਸਹਿਤ ਅਭੇਦ ਗੁਰਮੁਖ ਜਨ ਹੀ ਇਸ ਰਮਜ਼ ਨੂੰ ਪਛਾਣ ਸਕਦੇ ਹਨ।

ਸੁਰਤੀ ਬਿਰਤੀ ਗੁਰੂ ਨਾਨਕ ਸਾਹਿਬ ਦੀ ਹਰ ਸਮੇਂ ਹੀ ਵਾਹਿਗੁਰੂ ਚਰਨਨ ਵਿਚ ਚੁਭੀ ਰਹਿੰਦੀ ਹੈ, ਜੋ ਕਦੇ ਭੀ ਅਕਾਲ ਪੁਰਖ ਦੀ ਹਜ਼ੂਰੀ ਤੋਂ ਦੂਰ ਨਹੀਂ ਹੋਣ ਦਿੰਦੀ। ਜੈਸੇ ਅਕਾਲ ਪੁਰਖ ਵਾਹਿਗੁਰੂ ਇਕ-ਦੇਸ-ਵਾਸੀ ਹੁੰਦਾ ਹੋਇਆ ਸਾਰੀ ਕਾਇਨਾਤ ਵਿਖੇ ਸਮਾਇਆ ਹੋਇਆ ਹੈ। ਯਥਾ ਗੁਰਵਾਕ –

***ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ,***
***ਸਭ ਘਟਿ ਘਟਿ ਰਾਮੁ ਰਵੀਜੈ॥...੪॥(੮॥੫)***
***ਅੰਗ – ੧੩੨੬***

ਐਸੇ ਹੀ ਵਾਹਿਗੁਰੂ ਅਕਾਲ ਪੁਰਖ ਦੀ ਜੋਤਿ ਨਾਲ ਇੱਕ-ਮਿੱਕ ਅਤੇ ਸਦਾ ਅਭੇਦ ਹੋਇਆ ਗੁਰੂ ਨਾਨਕ ਆਪਣੀ ਦਿੱਬਯ ਸੱਤਾ ਕਰਕੇ ਅਕਾਲ ਪੁਰਖ ਨਾਲਿ ਅਭੇਦ ਹੀ ਰਹਿੰਦਾ ਹੈ। ਭਾਵੇਂ ਅਭੇਦ ਹੁੰਦਾ ਹੋਇਆ ਆਪਣੇ ਗੁਰੱਤਤਾ ਸਰੂਰ ਦੀ ਦਿੱਬਯਤਾ ਸੰਪੰਨ ਆਭਾ ਭਿੰਨ ਭਿੰਨ ਭੀ ਮਾਰਦਾ ਰਹਿੰਦਾ ਹੈ। ਇਸੇ ਦਿੱਬਯਤਾ ਸਰੂਪ ਵਾਲੀ ਆਭਾ ਅੰਦਰ ਸੰਸਾਰ ਵਿਖੇ ਆ ਕੇ ਜੀਵਨ ਜੋਤਿ ਜਗਮਗੀ ਗੁਰਮੁਖ ਜਨਾਂ ਨੂੰ ਆਪਣਾ ਦਰਸ- ਜਲਵਾ ਭੀ ਦਿਖਾ ਜਾਂਦਾ ਹੈ।

ਤਾਂਤੇ ਨਿਰੰਕਾਰ ਵਾਹਿਗੁਰੂ ਸਰੂਪ ਗੁਰੂ ਨਾਨਕ ਦੇਵ ਕਦੇ ਭੀ ਦਿੱਬਯ ਜੋਤਿ ਸੰਪੰਨ ਆਪਣੇ ਮੂਲ ਸੋਮੇ ਵਾਹਿਗੁਰੂ ਤੋਂ ਦੂਰ ਨਹੀਂ ਹੁੰਦਾ। ਗੁਰੂ ਨਾਨਕ ਨਿਰੰਕਾਰ ਦੀ ਦਿੱਬਯ ਜੋਤਿ ਸਰੂਪਤਾ ਵਾਲੀ ਸੱਤਿਆ ਵਾਹਿਗੁਰੂ ਨਿਰੰਕਾਰ ਦੀ ਨਿਕਟਤਾ ਵਿਖੇ ਜਿਉਂ ਕੀ ਤਿਉਂ ਹਾਜ਼ਰ ਨਾਜ਼ਰ ਅਤੇ ਜ਼ਹੂਰ ਪਜ਼ੀਰ ਹੀ ਰਹਿੰਦੀ ਹੈ। ਗੁਰੂ ਨਾਨਕ ਸਾਹਿਬ ਆਪਿ ਅਕਾਲ ਪੁਰਖ ਦਾ ਰੂਪ ਧਾਰ ਕੇ ਉਧਾਰਨ ਜੋਗ ਪਾਤਰ ਰੂਹਾਂ ਦੇ ਪਾਸ, ਸਿਖ-ਸੰਤ ਬਣਨ ਜੋਗ ਗੁਰਮੁਖ ਜਨਾਂ ਦੇ ਪਾਸ, ਉਧਾਰਨ ਖ਼ਾਤਰ ਆਉਂਦੇ ਰਹੇ ਅਤੇ ਹੁਣ ਭੀ ਆਉਂਦੇ ਹਨ। ਯਥਾ ਗੁਰਵਾਕ –

***ਸੰਤਨ ਪਹਿ ਆਪਿ ਉਧਾਰਨ ਆਇਓ॥੧॥ਰਹਾਉ॥(੪॥੭)***
***ਅੰਗ – ੧੨੯੯***

ਇਸ ਬਿਧਿ ਉਧਾਰਨ ਆਏ ਗੁਰੂ ਨਾਨਕ ਸਾਹਿਬ ਦਾ ਦਰਸ਼ਨ ਭੇਟ ਕੇ ਹੀ ਭੇਟਣਹਾਰੇ ਪਾਤਰ ਜਨ ਨਿਹਾਲ ਅਤੇ ਪਵਿੱਤਰ ਹੋ ਗਏ। ਇਹ ਕੇਵਲ ਗੁਰਮਤਿ ਨਾਮ, ਗੁਰਮੰਤਰ ਨਾਮ ਵਾਹਿਗੁਰੂ ਹੀ ਹੈ ਜੋ ਪਤਿਤਾਂ ਨੂੰ ਪੁਨੀਤ ਕਰਨਹਾਰਾ ਹੈ। ਅਤੇ ਕੇਵਲ ਗੁਰੂ ਨਾਨਕ ਸਾਹਿਬ ਹੀ ਹਨ, ਜੋ ਗੁਰਮੰਤਰ ਨੂੰ ਦ੍ਰਿੜ੍ਹਾਉਣ ਦਾ ਧੁਰੋਂ ਹੁਕਮ-ਮਈ ਅਧਿਕਾਰ ਲੈ ਕੇ ਆਏ ਹਨ। ਇਸ ਬਿਧਿ ਧੁਰੋਂ ਆਏ ਧੁਰੋਂ ਪਠਾਏ ਗੁਰੂ ਨਾਨਕ ਸਾਹਿਬ ਸੱਚੇ ਸਾਧ-ਗੁਰੂ ਤੁਫ਼ੈਲ ਸਾਰੇ ਜਗਤ ਦਾ ਉੱਧਾਰ ਹੋਇਆ ਅਤੇ ਹੁੰਦਾ ਰਹੇਗਾ। ਯਥਾ ਗੁਰਵਾਕ–

***ਸੰਤ ਪ੍ਰਸਾਦਿ ਤਰੇ ਕੁਲ ਲੋਗਾ,***
***ਨਾਨਕ ਲਿਪਤ ਨ ਮਾਇਓ॥੪॥੭॥ ਅੰਗ – ੧੨੯੯***

ਧੰਨ ਗੁਰੂ ਨਾਨਕ ਸਾਹਿਬ, ਜੋ ਸਦਾ ਹੀ ਅਲੇਪ ਰਹੇ, ਕਦੇ ਭੀ ਦ੍ਰਿਸ਼ਟਮਾਨ ਮਾਇਕ ਪਦਾਰਥਾਂ ਵਿਖੇ ਲਿਪਾਇਮਾਨ ਨਹੀਂ ਹੋਏ, ਨਾਮੀ ਵਾਹਿਗੁਰੂ ਰੂਪੀ ਅਦ੍ਰਿਸ਼ਟ ਪਦਾਰਥ ਵਾਹਿਗੁਰੂ ਨਾਮ ਵਿਖੇ ਹੀ ਲੀਨ ਰਹੇ। ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰੂ ਨਾਨਕ ਰੂਪੀ ਸੱਚੇ ਸਤਿਗੁਰੂ ਨੂੰ ਸੱਚੀ ਭੇਟਣੀ ਭੇਟਿਆ, ਉਹ ਭੀ ਮੁੜ ਮਾਇਆ ਵਿਚ ਲਿਪਾਇਮਾਨ ਨਹੀਂ ਹੋਏ। ਮਾਇਕ ਪਦਾਰਥਾਂ ਦੇ ਲੇਪ-ਛੇਪ ਤੋਂ ਸਦਾ ਨਿਰਲੇਪ ਹੀ ਰਹੇ।

ਹੁਣ ਭੀ ਗੁਰੂ ਨਾਨਕ ਸਾਹਿਬ ਆਪ ਆਪਣੇ ਪਾਤਰ ਜਨਾਂ ਨੂੰ ਖ਼ੁਦ ਪਰਸਣ ਆਉਂਦੇ ਹਨ ਅਤੇ ਸੱਚੀ ਪਰਮਣੀ ਪਰਸ ਕੇ ਪਾਰਸ ਹੁੰਦੇ ਹੋਏ ਭੀ ਜੋਤਿ ਸਰੂਪ ਵਾਹਿਗੁਰੂ ਵਿਖੇ ਲੀਨ ਰਹਿੰਦੇ ਹਨ। ਧੰਨ ਗੁਰੂ ਨਾਨਕ –

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥੧॥ਰਹਾਉ॥***
***ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥***
***ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥੨॥੭॥੧੨੯॥ ਅੰਗ – ੪੦੩***

ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ, ਜੋ ਆਪਣੇ ਸੇਵਕਾਂ, ਸੇਵਾ-ਪਾਤਰ ਗੁਰਸਿਖਾਂ ਨੂੰ ਪਰਸਣ ਆਉਂਦਾ ਹੈ ਤੇ ਪਰਸਣ ਖ਼ਾਤਰ ਆਉਂਦਾ ਹੈ।

# ਗੁਰੂ ਨਾਨਕ ਸਾਹਿਬ ਦੇ ਜਪੁਜੀ ਵਿਚ ਸਚਿਆਰ ਪਦ

*[ਗੁਰਪੁਰਵਾਸੀ ਭਾਈ ਸਾਹਿਬ ਜੋਗਿੰਦਰ ਸਿੰਘ ਜੀ]*

ਜੀਵ ਬੁਨਿਆਦੀ ਤੌਰ 'ਤੇ ਸੱਚ-ਸਰੂਪ ਬ੍ਰਹਮ ਦਾ ਹੀ ਅੰਸ਼ ਹੈ। ਬ੍ਰਹਮ-ਤੱਤ ਅਤੇ ਜੀਵ-ਤੱਤ ਦੇ ਵਿਚਕਾਰ ਹਉਮੈ ਦਾ ਅਤਿ-ਸੂਖਮ ਪਰ ਅਤਿ ਸ-ਬਲ ਪੜਦਾ ਪਿਆ ਹੋਇਆ ਹੈ, ਜਿਸ ਨੂੰ ਗੁਰੂ-ਮਿਹਰ ਸਦਕਾ ਦੂਰ ਕਰਨ 'ਤੇ ਇਹ ਦੋਵੇਂ ਇਕ-ਰੂਪ ਹੋ ਜਾਂਦੇ ਹਨ। ਹਉਮੈ ਦਾ ਪੜਦਾ ਦੂਰ ਤਦੋਂ ਹੁੰਦਾ ਹੈ, ਜਦੋਂ ਮਨੁੱਖ ਗੁਰੂ ਦੀ ਕਿਰਪਾ ਦੁਆਰਾ ਸੱਚ ਦਾ ਧਾਰਨੀ ਅਥਵਾ ਸਚਿਆਰ ਬਣ ਜਾਵੇ। ਸੱਚ ਦਾ ਧਾਰਨੀ (ਸਚਿਆਰ) ਬਣਨ ਲਈ ਸ੍ਰੀ ਜਪੁ ਜੀ ਸਾਹਿਬ ਵਿਚ ਦਿੱਤੀ ਗਈ ਸੇਧ ਇਸ ਪ੍ਰਕਾਰ ਹੈ -

1. ਰਜ਼ਾ ਦੇ ਮਾਲਕ ਸਰਬ-ਸ਼ਕਤੀਮਾਨ ਪ੍ਰਭੂ ਦੇ ਵਿਆਪਕ ਹੁਕਮ ਨੂੰ ਬੁੱਝ ਕੇ ਹੁਕਮੀ ਬੰਦਾ ਬਣਨਾ ਅਤੇ ਇੰਜ ਆਪਣੀ ਹਉਮੈ ਦਾ ਅਭਾਵ ਕਰ ਦੇਣਾ।

2. ਨਿਤਾਪ੍ਰਤਿ ਅੰਮ੍ਰਿਤ ਵੇਲੇ (ਪ੍ਰਭਾਤ ਸਮੇਂ) ਸਚੇ-ਸਾਹਿਬ ਦਾ ਸਚਾ-ਨਾਉਂ ਭਾਉ ਭਾਖਿਆ ਦੁਆਰਾ ਜਪਣਾ।

3. ਸਾਰੇ ਦੇਵੀ ਦੇਵਤਿਆਂ ਅਤੇ ਨਾਦੀ-ਵੇਦੀ ਗਿਆਨ ਦੀ ਝਾਕ ਛੱਡ ਕੇ ਕੇਵਲ 'ਗੁਰੂ' ਅਤੇ 'ਗੁਰੂ ਗਿਆਨ' ਨੂੰ ਹੀ ਜੀਵਨ-ਕਲਿਆਣ ਦਾ ਸਾਧਨ ਬਣਾਉਣਾ।

4. ਮਤਿ ਵਿਚ ਦੈਵੀ ਗੁਣਾਂ ਰੂਪ ਰਤਨ, ਜਵਾਹਰ, ਮਾਣਕ ਉਪਜਾਉਣ ਵਾਲੀ ਗੁਰੂ ਦੀ ਨਾਮ-ਸਿਖਿਆ ਸੁਣ ਕੇ ਮੰਨਣੀ ਅਤੇ ਦ੍ਰਿੜ੍ਹ ਕਰ ਕੇ ਧਾਰਨ ਕਰਨੀ।

5. ਤੀਰਥ, ਤਪ, ਦਇਆ, ਦਾਨ ਆਦਿ ਕਰਮ-ਕਾਂਡੀ ਫੋਕਟ ਕਰਮਾਂ ਦਾ ਤਿਆਗ ਕਰ ਕੇ ਗੁਣੀ-ਨਿਧਾਨ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਮਨ ਕਰਕੇ ਪ੍ਰੇਮ ਨਾਲ ਕਰਨੀ ਤੇ ਇਸ ਤਰ੍ਹਾਂ ਆਤਮ-ਤੀਰਥ-ਇਸ਼ਨਾਨੀ ਬਣਨਾ। ਸਾਰੇ ਦੈਵੀ ਗੁਣ ਨਾਮ ਉੱਤੇ ਆਸ਼੍ਰਿਤ ਹਨ ਅਤੇ ਇਹ ਨਾਮ-ਲਾੜੇ ਦੀ ਹੀ ਜੰਞ ਹਨ।

6. ਨਾਮ-ਪਿਆਰ ਦੇ ਰੱਬੀ-ਨਿਖਾਰ ਨਾਲ ਮਤਿ ਦੀ ਸਾਰੀ ਪਾਪ-ਮੈਲ ਧੋ ਕੱਢਣੀ।

7. ਜੀਵਨ ਵਿਚ ਬੰਦੀ (ਕੈਦ) ਅਤੇ ਬੰਦ-ਖ਼ਲਾਸੀ ਨੂੰ ਪ੍ਰਭੂ ਦਾ ਭਾਣਾ ਜਾਣ ਕੇ ਹਰ ਹਾਲਤ ਵਿਚ ਮਾਲਕ ਦਾ ਸ਼ੁਕਰਾਨਾ ਕਰਨਾ।

8. ਆਪਾ-ਭਾਵ ਦੇ ਢਹੇ ਚੜ੍ਹਨਾ ਖ਼ੁਆਰੀ ਅਤੇ ਨਾਮੋਸ਼ੀ ਦਾ ਰਾਹ ਹੈ। ਇਸ ਦੇ ਪ੍ਰਭਾਵ ਅਧੀਨ ਮਨੁੱਖ ਵਿਗਾੜੂ-ਬੋਲ ਬੋਲ ਕੇ ਮਗਰੋਂ ਸ਼ਰਮਸਾਰ ਹੁੰਦਾ ਹੈ। ਇਸ ਦਾ ਪੂਰਨ ਤਿਆਗ ਕਰਨਾ।

9. ਪ੍ਰਭੂ ਨਾਲ ਜੋਗ (ਮਿਲਾਪ) ਲਈ ਜੋਗ-ਮਾਰਗ ਦੇ ਬਾਹਰਮੁਖੀ ਭੇਖ-ਚਿੰਨ੍ਹ ਮੁੰਦਰਾਂ, ਪਤ, ਝੋਲੀ, ਖਿੰਥਾ, ਡੰਡਾ ਆਦਿ ਧਾਰਨ ਕਰਨ ਦੀ ਬਜਾਏ ਸੰਤੋਖ, ਸ਼ਰਮ, ਪਰਤੀਤ, ਆਚਰਣ-ਸ੍ਵੱਛਤਾ, ਸਦ-ਭਾਵਨਾ ਆਦਿ ਦੈਵੀ ਗੁਣ ਧਾਰਨ ਕਰ ਕੇ ਮਨ ਉੱਤੇ ਜਿੱਤ ਪ੍ਰਾਪਤ ਕਰਨੀ।

10. ਰਿਧੀਆਂ ਸਿਧੀਆਂ ਅਥਵਾ ਕਰਾਮਾਤੀ ਸ਼ਕਤੀਆਂ ਨੂੰ ਹੋਛਾ ਚਸਕਾ ਜਾਣ ਕੇ ਇਹਨਾਂ ਦੇ ਜਕੜਵੰਜ ਵਿਚ ਨਾ ਫਸਣਾ।

11. ਦੇਵੀ ਦੇਵਤਿਆਂ ਨੂੰ ਮਾਇਆ ਦੇ ਚੇਲੇ ਜਾਨਣਾ ਅਤੇ ਆਪਣੀ ਪ੍ਰੀਤਿ ਅਤੇ ਪ੍ਰਤੀਤਿ ਮਾਇਆ ਦੇ ਪਤੀ (ਵਾਹਿਗੁਰੂ) ਵਿਚ ਰੱਖਣੀ।

12. ਰਸਨਾ ਦੁਆਰਾ, ਪ੍ਰਾਣਾਂ ਦੁਆਰਾ, ਬਲਕਿ, ਰੋਮ ਰੋਮ ਦੁਆਰਾ ਜਗਦੀਸ਼-ਨਾਮ ਦਾ ਅਜਪਾ ਜਾਪ ਜਪਣਾ, ਪਰ ਟੇਕ ਆਪਣੀ ਘਾਲ-ਕਮਾਈ ਦੀ ਬਜਾਏ 'ਪ੍ਰਭੂ-ਨਦਰਿ' ਉੱਤੇ ਰੱਖਣੀ।

13. ਜਤ ਦੀ ਭੱਠੀ ਉੱਤੇ ਪ੍ਰੇਮ ਦੀ ਕੁਠਾਲੀ ਵਿਚ ਅੰਮ੍ਰਿਤ-ਨਾਮ ਪਾ ਕੇ ਧੀਰਜ, ਗਿਆਨ, ਭਉ-ਭਾਉ ਆਦਿ ਦੈਵੀ ਗੁਣਾਂ ਦੀ ਸਹਾਇਤਾ ਨਾਲ ਸੱਚੀ ਟਕਸਾਲ ਵਿਚ ਆਪਣੇ ਮਨ ਦੀ ਅਨੂਠੀ ਘਾੜਤ ਘੜਨੀ।

14. ਨਾਮ ਨੂੰ ਨਿਰੰਤਰ ਧਿਆਨ ਵਿਚ ਵਸਾਅ ਕੇ ਅਤੁੱਟ ਘਾਲ-ਕਮਾਈ ਕਰਨ ਵਾਲੇ ਆਤਮ-ਧਿਆਨੀਆਂ ਵਾਲਾ ਜੀਵਨ ਜੀਉਣਾ। ਇਸ ਤਰ੍ਹਾਂ ਇਕ ਪਾਸੇ 'ਸਚਿਆਰ' ਹੋ ਕੇ ਪ੍ਰਭੂ ਦੀ ਸੱਚੀ ਦਰਗਾਹ ਵਿਚ ਸੁਰਖ਼ਰੂਈ ਪ੍ਰਾਪਤ ਕਰਨੀ ਅਤੇ ਦੂਜੇ ਪਾਸੇ ਸੰਚਾਰ ਲਈ 'ਸਚਿਆਰ' ਦਾ ਮਾਡਲ ਪੇਸ਼ ਕਰਨਾ।

# ਸੰਤ ਗੁਰੂ - ਗੁਰੂ ਨਾਨਕ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

***ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥***
***ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥***
***ਅੰਗ - 759***

ਮਤ ਜਾਣਹੁ ਸਤਿਗੁਰ ਨਾਨਕ ਦੇਵ ਗ਼ੈਰ-ਹਾਜ਼ਰ ਹੈ। ਉਹ ਸਦਾ ਸਦਾ ਹਾਜ਼ਰ-ਨਾਜ਼ਰ ਹੈ। ਸਾਰਿਆਂ ਅੰਦਰਿ, ਸਭਨਾਂ ਦੇ ਘਟਾਂ ਅੰਦਰਿ ਸਮਾਇ ਰਹਿਆ ਹੈ। ਓਹ ਕਦੇ ਵੀ ਨਾਸ਼ਵੰਤ ਨਹੀਂ ਹੈ। ਨਾ ਦਿੱਬਯ-ਜੋਤਿ-ਕ੍ਰਾਂਤ ਕਰਕੇ, ਨਾ ਹੀ ਜੋਤਿ-ਤੱਤ-ਮਤਾਂਤ ਕਰਕੇ, ਕਦੇ ਵੀ ਨਾਸ਼ਵੰਤ ਨਹੀਂ ਹੋਇਆ, ਸਦਾ ਅਬਿਨਾਸ਼ੀ ਹੈ। ਮਨ-ਭਾਵਨੀ ਤੇ ਜਦ ਚਾਹੋ, ਪ੍ਰਗਟ ਹੋਇ ਆਉਂਦਾ ਹੈ। ਸਤਿਗੁਰ ਨਾਨਕ ਦੇਵ ਜੀ ਜੋਤਿ ਤਾਂ ਜੋਤੀਸ਼ ਸਰੂਪ ਵਾਹਿਗੁਰੂ ਵਿਖੇ ਸਮਾਇ ਗਈ, ਪ੍ਰੰਤੂ ਇਸ ਅਵਸਥਾ ਵਿਚ ਹੁੰਦੇ ਹੋਏ ਵੀ ਆਪ ਸਦ-ਸਦੀਵ ਅਨਿੰਨ ਗੁਰਸਿੱਖਾਂ ਦੇ ਹਿਰਦੇ ਅੰਦਰ ਬਿਰਾਜਮਾਨ ਹਨ। ਸ਼ਰਧਾਵਾਨ ਅਭਿਆਸੀਆਂ ਨੂੰ ਦਰਸ਼ਨ ਓਸੇ ਸਰੂਪ ਵਿਖੇ ਆਣਿ ਦੇਵੰਦੇ ਹਨ ਜਿਸ ਸਰੂਪ ਵਿਖੇ ਓਹ ਆਪਣੀ ਦਿੱਬ ਦੇਹੀ ਦੇ ਹੁੰਦਿਆਂ ਦਿੰਦੇ ਸਨ।

ਗੁਰੂ ਨਾਨਕ ਹੀ ਗੁਰੂ ਪੂਰਾ ਹੈ, ਗੁਰੂ ਨਾਨਕ ਹੀ ਗੁਰੂ ਸੂਰਾ ਹੈ। ਸੱਚਾ ਗੁਰੂ ਹੈ ਹੀ ਗੁਰੂ ਨਾਨਕ। ਸੱਚਾ ਸੰਤ ਸਰੂਪ, ਗੁਰੂ ਸਰੂਪ ਸੰਤ ਹੈ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ। ਹੋਰ ਕਈ ਭੀ ਸੰਤ ਗੁਰੂ, ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ ਨਾ ਕਦੇ ਹੋਵੇਗਾ। ਮੁੱਢ-ਕਦੀਮ ਤੋਂ ਸਦ-ਸਦੀਵ ਲਈ ਅਜ਼ਲੀ, ਅਬਦੀ ਗੁਰੂ, ਸੱਚਾ ਸਤਿਗੁਰੂ, ਗੁਰੂ ਸਰੂਪ ਸੰਤ ਗੁਰੂ ਹੈ ਤਾਂ ਗੁਰੂ ਨਾਨਕ ਹੀ ਹੈ। ਏਸੇ ਗੁਰੂ ਨਾਨਕ ਦੇ ਦਸ ਗੁਰੂ ਜਾਮੇ ਓਤਿ ਪੋਤਿ ਇਕੋ ਗੁਰੂ ਸਰੂਪ-ਮਈ ਸੱਚੇ ਸੰਤ ਹਨ। ਗੁਰੂ ਨਾਨਕ ਤੋਂ ਪਹਿਲਾਂ ਨਾ ਕੋਈ ਸੱਚਾ ਸੰਤ ਹੋਇਆ ਨਾ ਪਿਛੋਂ ਹੋਵੇਗਾ। ਜੇਕਰ ਹੋਂਦਾ ਤਾਂ ਭਾਈ ਸਾਹਿਬ ਗੁਰਦਾਸ ਜੀ ਇਉਂ ਕਿਉਂ ਉਚਾਰਨ ਕਰਦੇ ਕਿ-

***ਥੰਮੇ ਕੋਇ ਨ ਸਾਧ ਬਿਨੁ ਸਾਧ ਨ ਦਿਸੇ ਜਗ ਵਿਚ ਕੋਆ॥ ਭਾਈ ਗੁਰਦਾਸ ਜੀ, ਵਾਰ 1***

ਗੁਰੂ ਨਾਨਕ ਸਾਹਿਬ ਹੀ ਸੱਚੇ ਸਾਧ ਪ੍ਰਗਟ ਹੋਏ ਤੇ ਜੁਗੋ ਜੁਗ ਹੁੰਦੇ ਰਹਿਣਗੇ। ਕੇਵਲ ਦੁਨਿਆਵੀ ਮੰਡਲਾਂ ਵਿਖੇ ਹੀ ਨਹੀਂ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਸੱਚੇ ਸਾਧ ਸਰੂਪ ਗੁਰੂ ਨਾਨਕ ਦੇਵ ਸਾਹਿਬ ਜੀ ਗੁਰੂ ਰੂਪ ਪ੍ਰਗਟ ਹੁੰਦੇ ਰਹੇ ਅਤੇ ਅਨੇਕਾਂ ਜੀਵਾਂ ਨੂੰ ਤਾਰਿਆ ਤੇ ਤਾਰਦੇ ਰਹੇ। ਸੱਚਾ ਨਿਸਤਾਰਾ, ਕਲਿਆਣ-ਮਈ ਸੱਚਾ ਉਧਾਰਾ ਸਾਰੇ ਬ੍ਰਹਿਮੰਡਾਂ ਦੇ ਪ੍ਰਾਣੀਆਂ ਦਾ ਕੇਵਲ ਗੁਰੂ ਨਾਨਕ ਸਾਹਿਬ ਦੇ ਰਾਹੀਂ ਹੀ ਹੋਣਾ ਹੈ ਅਤੇ ਹੁੰਦਾ ਰਹਿਆ ਹੈ। ਅੱਜ ਕੱਲ੍ਹ ਤਾਂ ਹਰੇਕ ਡਿੰਭੀ ਡਿੰਭਧਾਰੀ ਦੇਹਧਾਰੀ ਸੰਤ ਗੁਰੂ ਬਣਿ ਬਣਿ ਬਹਿੰਦਾ ਹੈ।

ਭਾਈ ਗੁਰਦਾਸ ਜੀ ਦੀ ਉਪਰਲੀ ਮਹਾਂਵਾਕ-ਪੰਕਤੀ ਤੋਂ ਇਹ ਸਿੱਧ ਹੋਇਆ ਕਿ ਸਾਰੇ ਜਗਤ ਨੂੰ ਥੰਮਣ-ਹਾਰ, ਸੱਚਾ ਪ੍ਰਮਾਰਥ ਬਖ਼ਸ਼ ਕੇ ਨਿਸਤਾਰਨਹਾਰ, ਸੱਚੇ ਗੁਰਮਤਿ ਮਾਰਗ ਨੂੰ ਦਰਸਾ ਕੇ ਸੱਚਾ ਨਿਸਤਾਰਾ ਕਰਨਹਾਰ ਹੋਇਆ ਤਾਂ ਗੁਰੂ ਨਾਨਕ ਰੂਪ ਹੀ ਸੱਚਾ ਗੁਰੂ ਸਾਧ ਪ੍ਰਗਟ ਹੋਇਆ। ਜਗਤ ਗੁਰੂ ਨਾਨਕ ਮਈ ਸੱਚੇ ਗੁਰੂ-ਸਾਧ ਬਿਹੂਣ ਜਗਤ ਨੂੰ ਥੰਮਣਹਾਰਾ, ਥੰਮ ਕੇ ਅਗੰਮੀ ਗੁਰਮਤਿ ਮਾਰਗ ਦੱਸਣਹਾਰਾ ਆਦਿ ਅੰਤਿ ਨਾ ਕੋਈ ਹੋਇਆ ਨਾ ਹੋਵੇਗਾ। ਸਾਰਿਆਂ ਜੁਗਾਂ ਵਿਖੇ ਹੀ ਧੁਰਿ ਧੁਰੰਦਰੀ ਸਾਰੇ ਜਗਤ ਨੂੰ ਨਿਸਤਾਰਨਹਾਰਾ ਸੱਚਾ ਸਤਿਗੁਰੂ ਰੂਪੀ ਸਾਧ ਹੋਇਆ ਤਾਂ ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਹੋਇਆ। ਸਾਰੇ ਜਗਤ ਨੂੰ ਕੀ, ਇਸ ਮਾਤ-ਲੋਕ-ਮਈ ਜਗਤ ਨੂੰ ਕੀ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਨਿਸਤਾਰਨਹਾਰਾ ਹੋਇਆ ਤਾਂ ਸੱਚਾ ਗੁਰੂ ਸਾਧ ਗੁਰੂ ਨਾਨਕ ਪਿਆਰਾ ਹੀ ਹੋਇਆ। ਏਸੇ ਗੁਰੂ ਨਾਨਕ ਰੂਪੀ ਸਾਧ ਨੇ ਦਸ ਗੁਰੂ ਜਾਮੇ ਧਾਰ ਕੇ ਸੱਚਾ ਗੁਰਮਤਿ ਮਾਰਗੀ ਗੁਰੂ ਸਾਧਪੁਣਾ ਪ੍ਰਗਟਾਇਆ। ਦਸਵੇਂ

ਗੁਰੂ ਜਾਮੇ ਵਿਚ ਗੁਰੂ ਨਾਨਕ ਸਾਹਿਬ ਤ੍ਰਿਕਾਲ-ਦਰਸ਼ੀ ਸਤਿਗੁਰੂ ਨੇ ਇਹ ਵਿਚਾਰ ਕੇ ਗੁਰੂ ਨਾਨਕ ਰੂਪੀ ਸੱਚੇ ਸਾਧ ਸਤਿਗੁਰੂ ਬਿਨਾਂ ਇਸ ਜਗਤ ਨੂੰ ਨਿਸਤਾਰਨਹਾਰਾ ਥੰਮਣਹਾਰਾ ਹੋਰ ਕੋਈ ਨਹੀਂ ਹੋ ਸਕਦਾ, ਬਲਕਿ ਅਗਾਹਾਂ ਨੂੰ ਆਉਣ ਵਾਲੇ ਕਲੀਕਾਲ ਵਿਖੇ -

***ਘਰ ਘਰ ਹੋਇ ਬਹੈਂਗੇ ਹੈਂ ਰਾਮਾ॥***
***ਤਿਨ ਤੇ ਸਰੇ ਨ ਕੋਊ ਕਾਮਾ॥***
***ਦਸਮ ਗ੍ਰੰਥ, ਨਿਹਕਲੰਕ ਅਵਤਾਰ***

ਮਹਾਂਵਾਕ ਅਨੁਸਾਰ ਕੱਚੇ ਪਿਚੇ ਡਿੰਭੀ ਗੁਰੂ, ਗੁਰੂ ਘਰ ਵਿਖੇ ਖੁੰਬਾਂ ਵਾਂਗੂੰ ਉਗਵ ਖਲੋਣਗੇ, ਪਰੰਤੂ ਜਗਤ-ਨਿਸਤਾਰੇ ਦਾ ਉਨ੍ਹਾਂ ਤੋਂ ਕੋਈ ਕੰਮ ਨਹੀਂ ਸਰੇਗਾ। ਜਗਤ-ਨਿਸਤਾਰਾ ਤਾਂ ਕੀ ਕਰਨਾ ਸੀ, ਉਹ ਆਪਣੇ ਆਪ ਦਾ ਉਧਾਰ-ਨਿਸਤਾਰਾ ਤਾਂ ਕੀ ਕਰਨਾ ਸੀ, ਉਹ ਆਪਣੇ ਆਪ ਦਾ ਉਧਾਰ-ਨਿਸਤਾਰਾ ਨਹੀਂ ਕਰ ਸਕਣਗੇ। ਇਸ ਕਰਕੇ ਆਪਣੀ ਪਰਮ ਅੰਤਰਜਾਮਤਾ-ਮਈ ਗੁਰ-ਸਮਰੱਥਤਾ ਵਾਲੀ ਸ਼ਕਤੀ ਦੁਆਰਾ, ਸੱਚੇ ਗੁਰੂ ਸਾਧ ਵਾਲੀ ਸੱਚੀ ਨਿਸਤਾਰਕ ਪੀੜ੍ਹੀ ਏਥੇ ਹੀ ਮੁਕਾ ਦਿੱਤੀ। ਅਤੇ ਇਹ ਅਲੌਕਿਕ ਕਲਾ ਵਰਤਾ ਦਿੱਤੀ ਕਿ ਗੁਰੂ ਨਾਨਕ ਰੂਪੀ ਦਸੇ ਗੁਰੂ ਸਾਧ ਜਾਮਿਆਂ ਪਿਚੋਂ ਹੋਰ ਕੋਈ ਵੀ ਜਗਤ ਨਿਸਤਾਰਕ ਗੁਰੂ ਸਾਧ ਨਹੀਂ ਉਪਜੇਗਾ। ਗੁਰੂ ਘਰ ਵਿਖੇ, ਗੁਰੂ ਨਾਨਕ ਦੇ ਤਾਰੇ ਨਿਸਤਾਰੇ ਹੋਏ ਗੁਰਮੁਖ ਗੁਰਸਿੱਖਾਂ ਦੇ ਪੰਜਾਂ ਦੇ ਪੁੰਜ ਤਾਂ ਹੋਣਗੇ ਪਰ ਉਨ੍ਹਾਂ ਵਿਚੋਂ ਕੋਈ ਵੀ ਇਕ ਸਿੱਖ ਗੁਰ-ਨਿਸਤਾਰਿਆਂ ਸਿੱਖ ਗੁਰੂ ਨਹੀਂ ਸਦਾ ਸਕੇਗਾ, ਨਾ ਹੀ ਗੁਰੂ ਰੂਪ ਸਾਧ ਕਹਾ ਸਕੇਗਾ, ਬਲਕਿ ਏਸ ਮਹਾਂਵਾਕ ਅਨੁਸਾਰ, "ਇਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰ॥" ਗੁਰੂ ਨਾਨਕ ਦਾ ਨਿਸਤਾਰਿਆ ਹੋਇਆ ਸਿੱਖ, ਸਿੱਖ ਹੀ ਰਹੇਗਾ। ਇੱਕ ਸਿੱਖ ਗੁਰੂ ਸਰੂਪ ਸਾਧ ਕਦੇ ਨਹੀਂ ਬਣ ਸਕੇਗਾ। ਅਜਿਹੇ ਗੁਰ-ਨਿਸਤਾਰੇ ਹੋਏ ਪੰਜਾਂ ਸਿੱਖਾਂ ਦੇ ਪੁੰਜ ਸਮੂਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਤੇ ਸੀਨਾ-ਬਸੀਨਾ ਵਰਤਦੀ ਰਹੇਗੀ।

ਇਹ ਧੁਰ-ਧੁਰੰਦਰੀ ਸੱਚਾ ਸੁਮਾਰਗੀ ਗੁਰਮਤਿ ਮਾਰਗ ਚਲਾ ਕੇ ਸੱਚਾ ਧੁਰਵਾ ਬੰਨ੍ਹ ਦਿੱਤਾ। ਏਸ ਬੱਝੇ ਹੋਏ ਧੁਰਵੇ ਤੋਂ ਅਗਿਆਤ ਅਨਮਤੀ ਅਗਿਆਨੀ ਭੇਖਧਾਰੀ ਆਪੇ ਬਣ ਬੈਠੇ ਸਾਧਾਂ ਨੇ ਤਾਂ ਕੀ ਸਬਕ ਲੈਣਾ ਸੀ, ਬਲਕਿ ਗੁਰੂ ਘਰ ਵਿਖੇ ਹੀ ਅਨੇਕਾਂ ਡਿੰਭ-ਧਾਰੀ ਗੁਰੂ, ਗੁਰੂ ਨਾਨਕ ਸਾਧ-ਗੁਰੂ ਹੋਣ ਦਾ ਹਮਾਕਤ ਕਰ ਬੈਠੇ ਤੇ ਕਰੀ ਜਾਂਦੇ ਹਨ। ਹਾਲਾਂਕਿ ਗੁਰੂ ਨਾਨਕ ਦਸ ਜਾਮੇਸ਼ ਸਤਿਗੁਰੂ ਬਾਝੋਂ ਹੋਰ ਕਿਸੇ ਨੂੰ ਭੀ ਇਹ ਸੱਚੀ ਗੁਰੱਰਤਾ ਵਾਲੀ ਪਦਵੀ ਪ੍ਰਾਪਤ ਨਹੀਂ। ਹੋਰਨਾਂ ਜੁਗਾਂ ਵਿਖੇ ਤਾਂ ਟਾਵੀਂ ਟਾਵੀਂ ਗੁਰੱਰਤਾ ਵਾਲੀ ਪਦਵੀ ਸ਼ਕਤੀ ਗੁਰੂ ਨਾਨਕ ਸਾਹਿਬ ਵਰਤਦੇ ਰਹੇ, ਪ੍ਰੰਤੂ ਕਲਜੁਗ ਵਿਖੇ ਤਾਂ ਪ੍ਰਗਟ ਪਹਾਰੇ ਇਹ ਸ਼ਕਤੀ ਗੁਰੂ ਨਾਨਕ ਸਾਹਿਬ ਨੇ ਵਰਤਾਈ, ਜੈਸੇ ਕਿ ਭਾਈ ਗੁਰਦਾਸ ਜੀ ਦਾ ਮਹਾਂਵਾਕ ਹੈ -

***ਗੁਰਮੁਖਿ ਕਲਿ ਵਿਚਿ ਪ੍ਰਗਟ ਹੋਆ॥***
***ਭਾਈ ਗੁਰਦਾਸ ਜੀ, ਵਾਰ 1***

ਭਾਵ ਮੁਖੀ ਗੁਰੂ, ਸਭ ਤੋਂ ਸ੍ਰੇਸ਼ਟ ਗੁਰੂ, ਸੱਚਾ ਸਤਿਗੁਰੂ, ਸੱਚੀ ਥੰਮਣਹਾਰ ਨਿਸਤਾਰਨ-ਹਾਰ ਸ਼ਕਤੀ ਵਾਲਾ ਸਾਧ ਗੁਰੂ, ਗੁਰ ਨਾਨਕ ਸਾਹਿਬ ਪ੍ਰਗਟ-ਪਹਾਰੇ ਸਾਰੇ ਜਗਤ ਦੇ ਜੀਵਾਂ ਦਾ ਨਿਸਤਾਰਨਹਾਰਾ ਉਤਪੰਨ ਹੋਇਆ। ਗੁਰੂ ਨਾਨਕ ਰੂਪੀ ਸੱਚੇ ਸਾਧ ਗੁਰ ਸਦੱਰਸ਼ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਸੱਚਮੁੱਚ ਮੁਖੀ ਗੁਰੂ ਵਾਹਿਗੁਰੂ ਸਮਾਨ ਹੀ ਵਾਹਿਗਰੂ ਸਰੂਪਾ ਗੁਰੂ ਹੈ। ਜਿਤਨੇ ਵੀ ਅਨਮਤੀ ਸਾਧੜੇ ਆਪ ਆਪਣੀ ਮਤ ਅਨੁਸਾਰ ਗੁਰੂ ਬਣ ਬੈਠੇ ਹਨ, ਸਭ ਡਿੰਭੀ ਅਤੇ ਭੇਖਧਾਰੀ ਗੁਰੂ ਹਨ। ਵਿਚੋਂ ਕੋਈ ਭੀ ਸੱਚਾ ਗੁਰੂ ਨਹੀਂ ਕਹਾ ਸਕਦਾ।

ਗਰੂ ਨਾਨਕ ਸਾਹਿਬ ਨੇ ਆਪਣੇ ਦਸਵੇਂ ਗੁਰੂ ਜਾਮੇ ਅੰਦਰਿ ਜੋ ਇਸ ਬਿਧਿ ਸਵੈਯਾ ਉਚਾਰਨ ਕੀਤਾ ਹੈ-

***ਸ੍ਰਾਵਗ ਸੁਧ ਸਮੂਹ ਸਿਧਾਨ ਕੇ***
***ਦੇਖਿ ਫਿਰਿਓ ਘਰ ਜੋਗ ਜਤੀ ਕੇ॥***
***ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂੰਹ ਅਨੇਕ ਮਤੀ ਕੇ॥***
***ਸਾਰੇ ਹੀ ਦੇਸ ਕੋ ਦੇਖ ਰਹਿਓ***
***ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥***
***ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ***
***ਏਕ ਰਤੀ ਬਿਨੁ ਏਕ ਰਤੀ ਕੇ॥ ਅਕਾਲ ਉਸਤਤਿ***

ਏਸ ਦਾ ਭਾਵ ਹੀ ਸਮੁੱਚੇ ਤੌਰ 'ਤੇ ਆਪੋ ਆਪਣੇ ਮਨ ਦੇ ਮਤੇ ਅਨੁਸਾਰ ਆਪੇ ਬਣ ਬੈਠੇ ਡਿੰਭੀ ਗੁਰੂਆਂ ਦੇ ਪਖੰਡਾਂ ਦਾ ਖੰਡਣ ਕਰਦਾ ਹੈ। ਭਾਵ ਇਸ ਸਵੈਯੇ ਦਾ ਭਾਵ ਇਹ ਹੈ ਕਿ ਗੁਰੂ ਸਾਹਿਬ ਨੇ ਆਪਣੀ ਤ੍ਰਿਕਾਲ-ਦਰਸਤਾ ਸੰਪੰਨ ਅੰਤਰ-ਜਾਮਤਾ ਦੁਆਰਾ ਅੱਛੀ ਤਰ੍ਹਾਂ ਘੋਖ ਕੇ ਦੇਖ ਲਿਆ ਕਿ ਇਹ ਜੋ ਸ੍ਰੇਵੜੇ ਸ੍ਰਾਵਗੀ ਜੈਨ ਮਤ ਵਾਲੇ ਕੇਵਲ ਆਪਣੀ ਸ਼ੁਧ ਪਵਿਤ੍ਰਤਾ ਵਾਲੀ ਕਿਰਿਆ ਕਰਕੇ ਆਪਣੇ ਆਪ ਨੂੰ ਸਾਧ ਕਹਾਉਂਦੇ ਹਨ ਅਤੇ ਸਾਰੇ ਆਨਮਤੀ ਭੇਖਧਾਰੀ ਸਿੱਧ ਜੋਗੀ ਜਤੀ

***(ਬਾਕੀ ਪੰਨਾ 6 'ਤੇ)***

## ਸਹਾਇਤਾ ਆਤਮ ਰੰਗ ਨੂੰ ਅਕਤੂਬਰ 2024 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਅਮਨ ਵਰਮਾ, ਚੰਡੀਗੜ੍ਹ | 20,000.00 |
| ◆ ਬੀਬੀ ਇੰਦਰਜੀਤ ਕੌਰ ਜੀ, ਚੰਡੀਗੜ੍ਹ | 10,000.00 |
| **ਕੁਲ ਜੋੜ** | **50,000.00** |

## Statement of Income & Expenditure for the Month of October, 2024 of *Atam Rang*

| | |
|---|---|
| 1. M/s Jai Offset Printers | 34,000.00 |
| 2. Cost of Service Stamps | 12,000.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure upto 31.10.2024** | **62,000.00** |
| Donation | 50,000.00 |
| Cash in hand | 79,817.00 |
| **Total Income** | **1,29,817.00** |
| **Expenditure** | **62,000.00** |
| **Difference (Cash in hand)** | **67,817.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 16 ਨਵੰਬਰ |
| ਪੂਰਨਮਾਸ਼ੀ | 15 ਨਵੰਬਰ |
| ਮੱਸਿਆ | 1 ਨਵੰਬਰ |
| ਪੰਚਮੀ | 6 ਨਵੰਬਰ |
| **ਗੁਰਪੁਰਬ** | |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਨੰਦੇੜ) | 3 ਨਵੰਬਰ |
| ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 6 ਨਵੰਬਰ |
| ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ | 15 ਨਵੰਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ।

| Account Name : ATAM RANG | Account Number : 409814300245 | IFSC Code : RATN0000202 |
|---|---|---|
| Bank Name & Address : RBL Bank Limited, Sec. 9 C, Chandigarh | | |

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਤਮ ਰੰਗ ਦਾ ਜੋ ਪੁਰਾਣਾ ਅਕਾਊਂਟ ਸਟੇਟ ਬੈਂਕ ਆਫ ਇੰਡੀਆ ਵਿੱਚ ਸੀ ਉਹ ਬੰਦ ਹੋ ਗਿਆ ਹੈ, ਅਤੇ ਉਸ ਤੇ ਕਿਸੇ ਵੀ ਤਰ੍ਹਾਂ ਦੀ ਮਾਇਆ ਨਾ ਭੇਜੀ ਜਾਵੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ (ਮੋਬਾਇਲ : 98143-00245)**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*


ਸਾਲਾਨਾ ਅਖੰਡ ਕੀਰਤਨ ਸਮਾਗਮ
ਦੋਰਾਹਾ -2024
ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ( ਰੇਲਵੇ ਰੋਡ ਦੋਰਾਹਾ )
ਮਿਤੀ :- ( 28/11/24) ਤੋ ( 1/12/ 24 )
ਦਿਵਸ ਸੁਹੇਲਾ ਸਮਾਗਮ ਮਿਤੀ :( 30/11/24 ) ਅੰਮ੍ਰਿਤ ਵੇਲੇ ਤੋ ਦੁਪਹਿਰ 2 ਵਜੇ ਤੱਕ
ਸ਼ਾਮ ਸੋਦਰ ਦੀ ਚੌਕੀ ਉਪਰੰਤ ਰੈਣ ਸਬਾਈ ਕੀਰਤਨ ਅਰੰਭ ਹੋਣਗੇ ਜੀ ਤੇ ਸਮਾਪਤੀ ਸਵੇਰੇ 5 ਵਜੇ ਹੋਵੇਗੀ ਜੀ ।
ਅੰਮ੍ਰਿਤ ਸੰਚਾਰ 30/11/24 ਸ਼ਨੀਵਾਰ ਸ਼ਾਮ 8 ਵਜੇ ਹੋਵੇਗਾ ਜੀ।
(ਟਾਇਮ ਸਿਰ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ )
ਦਾਸਰੇ :- ਅਖੰਡ ਕੀਰਤਨੀ ਜੱਥਾ ਅਤੇ ਸਮੂਹ ਗੁਰਦੁਵਾਰਾ ਪ੍ਰਬੰਧਕ ਕਮੇਟੀ ( ਦੋਰਾਹਾ )
98140-97699,97808-49371,62839-47885,84271-13051,98789-91042, 94636-02321, 98557-17221

## ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ

# ਸਾਲਾਨਾ ਅਖੰਡ ਕੀਰਤਨ ਸਮਾਗਮ

## 13 ਨਵੰਬਰ ਤੋਂ 16 ਨਵੰਬਰ 2024 ਤੱਕ

### ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ

**ਸਰਬ ਗੁਣ ਨਿਧਾਨ, ਰੱਬੀ ਰਹਿਮਤਾਂ ਦੇ ਪਾਤਰ, ਉਚਿਓ ਉੱਚੇ ਰੁਤਬੇ ਦੇ ਮਾਲਕ, ਸ਼ਬਦ ਸਵਰੂਪ**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਸੰਬੰਧੀ ਆਦਿ ਜੁਗਾਦੀ ਨਾਮ ਬਾਣੀ ਦਾ ਸੱਚਾ ਸੌਦਾ ਕਰਨ ਲਈ ਆਇ ਦੀਦਾਰ ਬਖਸ਼ੋ ਜੀ ।

**ਸਵੇਰੇ**

**ਮਿਤੀ 13 ਨਵੰਬਰ 2024 ਦਿਨ ਬੁੱਧਵਾਰ**

ਅੰਮ੍ਰਿਤ ਵੇਲਾ 1:00 ਤੋਂ 3:00 ਵਜੇ ਤੱਕ
ਕੀਰਤਨ ਆਸਾ ਦੀ ਵਾਰ 3:00 ਤੋਂ 5:00 ਉਪਰੰਤ ਅਰੰਭ
ਸ੍ਰੀ ਅਖੰਡ ਪਾਠ ਸਾਹਿਬ, ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 13 ਨਵੰਬਰ 2024 ਦਿਨ ਬੁੱਧਵਾਰ**

ਕੀਰਤਨ 6:30 ਤੋਂ 9:30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰੇ**

**ਮਿਤੀ 14 ਨਵੰਬਰ 2024 ਦਿਨ ਵੀਰਵਾਰ**

ਅੰਮ੍ਰਿਤ ਵੇਲਾ 12:00 ਤੋਂ 2:00 ਵਜੇ ਤੱਕ
ਕੀਰਤਨ ਆਸਾ ਦੀ ਵਾਰ 7:00 ਤੋਂ 12:00 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 14 ਨਵੰਬਰ 2024 ਦਿਨ ਵੀਰਵਾਰ**

ਕੀਰਤਨ 6:30 ਤੋਂ 9:30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰੇ**

**ਮਿਤੀ 15 ਨਵੰਬਰ 2024 ਦਿਨ ਸ਼ੁੱਕਰਵਾਰ**

ਅੰਮ੍ਰਿਤ ਵੇਲਾ 12:00 ਤੋਂ 3:00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 5:00 ਵਜੇ ਉਪਰੰਤ
ਕੀਰਤਨ ਆਸਾ ਦੀ ਵਾਰ ਦੁਪਹਿਰ ਤੱਕ

**ਸ਼ਾਮ**

**ਮਿਤੀ 15 ਨਵੰਬਰ 2024 ਦਿਨ ਸ਼ੁੱਕਰਵਾਰ**

ਸੋ ਦਰੁ ਦੇ ਪਾਠ ਉਪਰੰਤ ਆਰੰਭ ਕੀਰਤਨ ਰੈਣਿ ਸਬਾਈ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ
ਸਮਾਪਤੀ 16 ਨਵੰਬਰ 2024 ਸਵੇਰੇ 5 ਵਜੇ

**ਅੰਮ੍ਰਿਤ ਸੰਚਾਰ** ਮਿਤੀ 15 ਨਵੰਬਰ 2024 ਦਿਨ ਸ਼ੁੱਕਰਵਾਰ ਸ਼ਾਮ 7:00 ਵਜੇ ਹੋਵੇਗਾ ।

ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣਾ ਜੀਵਨ ਸਫਲ ਕਰੀਏ ਜੀ

ਮਿਤੀ 15 ਨਵੰਬਰ ਨੂੰ ਦਿਵਸ ਸੁਹੇਲਾ ਅਤੇ ਰੈਣਿ ਸਬਾਈ ਦਾ ਸਿੱਧਾ ਪ੍ਰਸਾਰਣ AKJ.ORG LIVE ਤੇ ਕੀਤਾ ਜਾਵੇਗਾ

**ਨੋਟ** ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਲਾਇਲਪੁਰ ਖ਼ਾਲਸਾ ਸੀ. ਸੈ. ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੀ ਹੋਵੇਗਾ

**ਸੰਪਰਕ ਲਈ ਫੋਨ ਨੰਬਰ**

| | | | | | |
|---|---|---|---|---|---|
| ਭਾਈ ਕੁਲਵੰਤ ਸਿੰਘ | ਭਾਈ ਸੁਖਦੇਵ ਸਿੰਘ | ਭਾਈ ਬਲਜੀਤ ਸਿੰਘ | ਭਾਈ ਜਸਬੀਰ ਸਿੰਘ | ਭਾਈ ਮਨਪ੍ਰੀਤ ਸਿੰਘ | ਭਾਈ ਤਰਲੋਚਨ ਸਿੰਘ |
| 99150-00453 | 98140-54310 | 98159-64001 | 98722-11737 | 98140-70854 | 98554-99511 |


**ਪ੍ਰਬੰਧਕੀ ਦਾਸਰੇ - ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ:)**

Khalsa Printers 8264-1313-33

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ
ਬਾਲਾ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ

# ਅਖੰਡ ਕੀਰਤਨ ਸਮਾਗਮ

## 4 ਦਸੰਬਰ ਤੋਂ 8 ਦਸੰਬਰ 2024 ਤੱਕ



ਬੁੱਧਵਾਰ, 4 ਦਸੰਬਰ, ਸਵੇਰੇ 9.00 ਤੋਂ ਦੁਪਹਿਰ 2.00 ਵਜੇ ਤੱਕ ਤਖ਼ਤ ਸ੍ਰੀ ਹਰਮੰਦਿਰ ਜੀ ਪਟਨਾ ਸਾਹਿਬ

ਬੁੱਧਵਾਰ, 4 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਤਖ਼ਤ ਸ੍ਰੀ ਹਰਮੰਦਿਰ ਜੀ ਪਟਨਾ ਸਾਹਿਬ

ਵੀਰਵਾਰ, 5 ਦਸੰਬਰ, ਸਵੇਰੇ 7.00 ਤੋਂ ਦੁਪਹਿਰ 1.00 ਵਜੇ ਤੱਕ ਗੁਰਦੁਆਰਾ ਗੋਬਿੰਦ ਨਗਰ, ਚਿਤਕੋਹਰਾ

ਵੀਰਵਾਰ, 5 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲਾ ਸਾਹਿਬ

ਸ਼ਹੀਦੀ ਸਮਾਗਮ — ਸ਼ੁੱਕਰਵਾਰ, 6 ਦਸੰਬਰ, ਸਵੇਰੇ 4.00 ਤੋਂ ਦੁਪਹਿਰ 1.00 ਵਜੇ ਤੱਕ ਤਖ਼ਤ ਸ੍ਰੀ ਹਰਮੰਦਿਰ ਸਾਹਿਬ ਜੀ ਪਟਨਾ ਸਾਹਿਬ

ਸ਼ੁੱਕਰਵਾਰ, 6 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ

ਸ਼ਨੀਵਾਰ, 7 ਦਸੰਬਰ, ਸਵੇਰੇ 7.00 ਤੋਂ ਦੁਪਹਿਰ 2.00 ਵਜੇ ਤੱਕ ਗੁਰਦੁਆਰਾ ਕੰਗਨ ਘਾਟ



### ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ

ਸ਼ਨੀਵਾਰ, 7 ਦਸੰਬਰ ਸ਼ਾਮ 7.00 ਤੋਂ
ਗੁਰਦੁਆਰਾ ਬਾਲ ਲੀਲ੍ਹਾ ਸਾਹਿਬ



### ਅੰਮ੍ਰਿਤ ਵੇਲਾ ਸਮਾਗਮ

5 ਤੋਂ 7 ਦਸੰਬਰ ਰਾਤ
12.00 ਵਜੇ ਤੋਂ ਤਖ਼ਤ ਸਾਹਿਬ ਵਿਖੇ

**ਦਾਸਰੇ : ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ**

# 93340 33888, 79869 79969, 73526 68959, 98885 53564, 97982 18000,

---

ਧੰਨ-ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ

**ਅਖੰਡ ਕੀਰਤਨੀ ਜੱਥਾ ਨਵਾਂਸ਼ਹਿਰ ਵਲੋਂ**

# ਸਲਾਨਾ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ

**9 ਨਵੰਬਰ 2024 ਦਿਨ ਸ਼ਨੀਵਾਰ ਰਾਤ ਨੂੰ ਗੁਰ: ਮੰਜੀ ਸਾਹਿਬ ਪਾਤਸ਼ਾਹੀ ਨੌਵੀਂ (ਬੰਗਾ ਰੋਡ ਨਵਾਂਸ਼ਹਿਰ) ਵਿਖੇ ਰੈਣਿ ਸਬਾਈ ਕੀਰਤਨ ਹੋਣਗੇ।**

ਦਿਵਸ ਸੁਹੇਲਾ ਸਮਾਗਮ:9 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਦੁਪਹਿਰ 1 ਵਜੇ ਤੱਕ ਗੁ: ਮੰਜੀ ਸਾਹਿਬ ਨਵਾਂਸ਼ਹਿਰ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਰਾਤ 7 ਵਜੇ ਆਰੰਭ ਹੋਣਗੇ



## 27 ਅਕਤੂਬਰ 2024 ਤੋਂ 8 ਨਵੰਵਰ ਤੱਕ ਰੋਜਾਨਾ ਸ਼ਾਮ 6 ਤੋਂ 9.30 ਵਜੇ ਤੱਕ ਅਖੰਡ ਕੀਰਤਨ ਸਮਾਗਮ

ਨੋਟ:27 ਅਕਤੂਬਰ ਨੂੰ ਅਖੰਡ ਕੀਰਤਨ ਸਮਾਗਮ ਜਨਮ ਅਸਥਾਨ ਬੁੰਗਾ ਸ਼ਹੀਦ ਗੰਜ ਪਿੰਡ ਕਾਹਮਾ (ਨੇੜੇ ਪਾਣੀ ਵਾਲੀ ਟੈਂਕੀ) ਵਿਖੇ ਹੋਣਗੇ।

- 29 ਅਕਤੂਬਰ ਗੁਰਦੁਆਰਾ ਸਿੰਘ ਸਭਾ ਰਾਹੋਂ ਲਾਰੀਆਂ ਬੱਸ ਅੱਡਾ (82839-08975)
- 2 ਨਵੰਬਰ ਗੁ: ਸਿੰਘ ਸਭਾ ਨਵਾਂਸ਼ਹਿਰ (ਚੰਡੀਗੜ੍ਹ) (99884-36519)
- 3 ਨਵੰਬਰ ਗੁ: ਸੰਗਤਪੁਰਾ ਪਡੋਰਾ ਮੱਹਲਾ ਨਵਾਂਸ਼ਹਿਰ (98141-21132)
- 4, 5, 6 ਨਵੰਬਰ ਨੂੰ ਗੁਰਮਤਿ ਸਮਾਗਮ ਖਾਲਸਾ ਸਕੂਲ ਵਿੱਚ (ਚੰਡੀਗੜ੍ਹ ਰੋਡ) ਨਵਾਂਸ਼ਹਿਰ
- 7 ਨਵੰਬਰ ਗੁ: ਪਾਤਸ਼ਾਹੀ 6ਵੀਂ ਪਿੰਡ ਦੁਰਗਾਪੁਰ (87250-08048), (99410-31313)
- 8 ਨਵੰਬਰ ਗੁ: ਬਾਬਾ ਦੀਪ ਸਿੰਘ ਜੀ ਰਾਹੋਂ ਰੋਡ ਨਵਾਂਸ਼ਹਿਰ (97810-70555)

ਸਹਿਯੋਗੀ ਜੱਥੇਬੰਦੀਆਂ, ਸ੍ਰੀ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ, ਮਾਤਾ ਗੁਜਰ ਕੌਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ, ਮਾਤਾ ਸਾਹਿਬ ਕੌਰ ਜੀ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਸਿੰਘ ਸਭਾ ਨਵਾਂਸ਼ਹਿਰ

**ਵੱਲੋਂ: ਅਖੰਡ ਕੀਰਤਨੀ ਜੱਥਾ ਨਵਾਂਸ਼ਹਿਰ, ਬੰਗਾ, ਫਗਵਾੜਾ, ਗੁ: ਮੰਜੀ ਸਾਹਿਬ ਪ੍ਰਬੰਧਕ ਕਮੇਟੀ ਜਥੇਦਾਰ ਬਾਬਾ ਨਰੰਗ ਸਿੰਘ ਜੀ ਨਵਾਂਸ਼ਹਿਰ ਕਲਗੀਧਰ ਸੇਵਕ ਜੱਥਾ ਕਾਹਮਾ ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਸਮੂਹ ਧਾਰਮਿਕ ਜੱਥੇਬੰਦੀਆਂ**

ਸਮਾਗਮ ਦਾ ਲਾਈਵ ਪ੍ਰਸਾਰਣ akj.org, Gurmat vichar ਅਤੇ Nirwan Kirtan Jatha ਦੇ ਮਾਧਿਅਮ ਰਾਹੀਂ ਕੀਤਾ ਜਾਵੇਗਾ

ਸੰਪਰਕ : 94630-64005, 98554-01864, 97797-80002, 99887- 16000, 92561-13419, 99884-36519, 98728-92544, 90416-17330, 82839-08975

**ਨੋਟ: 7 ਦਸੰਬਰ ਨੂੰ ਗੁ: ਚਰਨ ਕੰਵਲ ਬੰਗਾ ਵਿਖੇ ਰੈਣ ਸਬਾਈ ਅਖੰਡ ਕੀਰਤਨ ਹੋਣਗੇ।**

J.S. KAHMA 94630-64005

## ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ ਠਾਕੁਰ ਗਾਈਐ ਆਤਮ ਰੰਗ ॥



















ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 07.10.2024 ਤੋਂ ਲੈ ਕੇ 13.10.2024 ਤਕ ਅਖੰਡ ਕੀਰਤਨੀ ਜੱਥਾ, ਦਿੱਲੀ (ਰਜਿ.) ਵੱਲੋਂ ਦਿੱਲੀ ਦੇ ਵੱਖ–ਵੱਖ ਇਤਿਹਾਸਿਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ–ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ–ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੁ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

**ATAM RANG**
**November 2024**

Postal Regd. No.
CHDG/0025/2024-26

**ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥**














ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 07.10.2024 ਤੋਂ ਲੈ ਕੇ 13.10.2024 ਤਕ ਅਖੰਡ ਕੀਰਤਨੀ ਜੱਥਾ, ਦਿੱਲੀ (ਰਜਿ.) ਵੱਲੋਂ ਦਿੱਲੀ ਦੇ ਵੱਖ-ਵੱਖ ਇਤਿਹਾਸਿਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।